# ECHO OF HIS CALL

# ਯਿਸੂ ਮਸੀਹ ਦੇ ਬੁਲਾਵੇ ਦੀ ਗੂੰਜ

PUNJABI

India's National Spiritual Newspaper

₹ 10/-

ECHO OF HIS CALL 1969-2019 GOLDEN JUBILEE

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAANS

**Editor : S. SAM SELVA RAJ** | **16 Languages** | **Associate Editor : Bro. Vishwas Masih**

VOL. XX | YEAR OF OUR LORD JESUS CHRIST, JANUARY 2020 | NO. 11


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 71:1-8

1. ਹੇ ਯਹੋਵਾਹ! ਮੈਂ ਤੇਰੀ ਹੀ ਸ਼ਰਨ ਅਇਆ ਹਾਂ, ਮੈਨੂੰ ਕਦੇ ਲੱਜਿਆਵਾਨ ਨਾ ਹੋਣ ਦੇ।
2. ਆਪਣੇ ਧਰਮ ਨਾਲ ਮੇਰਾ ਛੁਟਕਾਰਾ ਕਰ ਤੇ ਮੈਨੂੰ ਛੁਡਾ, ਮੇਰੀ ਵੱਲ ਕੰਨ ਧਰ ਤੇ ਮੈਨੂੰ ਬਚਾ।
3. ਤੂੰ ਮੇਰੇ ਨਿਵਾਸ ਦੀ ਚੱਟਾਨ ਬਣ ਜਿੱਥੇ ਮੈਂ ਨਿੱਤ ਜਾਇਆ ਕਰਾਂ, ਤੈਂ ਮੇਰੇ ਬਚਾਓ ਦੀ ਆਗਿਆ ਕੀਤੀ ਹੈ ਕਿਉਂ ਜੋ ਤੂੰ ਹੀ ਮੇਰੀ ਚੱਟਾਨ ਤੇ ਮੇਰਾ ਗੜ੍ਹ ਹੈਂ।
4. ਹੇ ਮੇਰੇ ਪ੍ਰਮੇਸ਼ਵਰ ਮੈਨੂੰ ਦੁਸ਼ਟ ਦੇ ਹੱਥੋਂ ਅਤੇ ਅਧਰਮੀ ਤੇ ਜ਼ਾਲਮ ਦੇ ਪੰਜਿਓਂ ਛੁਡਾ।
5. ਹੇ ਪ੍ਰਭੂ ਯਹੋਵਾਹ ਤੂੰ ਹੀ ਮੇਰੀ ਤਾਂਘ ਹੈਂ ਅਤੇ ਮੇਰੀ ਜਵਾਨੀ ਤੋਂ ਮੇਰਾ ਭਰੋਸਾ ਹੈਂ।
6. ਜਦੋਂ ਦਾ ਮੈਂ ਜੰਮਿਆਂ ਤਦੋਂ ਹੀ ਦਾ ਮੈਂ ਤੈਥੋਂ ਸਾਂਭਿਆਂ ਗਿਆ ਹਾਂ, ਮੇਰੀ ਮਾਤਾ ਦੀ ਕੁੱਖ ਤੋਂ ਤੈਂ ਹੀ ਮੈਨੂੰ ਕੱਢਿਆ, ਮੈਂ ਸਦਾ ਤੇਰੀ ਉਸਤਤ ਕਰਾਂਗਾ।
7. ਮੈਂ ਬਹੁਤਿਆਂ ਦੇ ਲਈ ਇੱਕ ਅਚੰਭਾ ਜਿਹਾ ਬਣਿਆ ਪਰ, ਤੂੰ ਮੇਰੀ ਪੱਕੀ ਪਨਾਹ ਹੈਂ।
8. ਮੇਰਾ ਮੂੰਹ ਤੇਰੀ ਉਸਤਤ ਅਤੇ ਤੇਰੇ ਮਾਣ ਨਾਲ ਸਾਰਾ ਦਿਨ ਭਰਿਆ ਰਹੇਗਾ।

## For Believers, When They Pray!

## ਵਿਸ਼ਵਾਸੀਆਂ ਲਈ, ਜਦੋਂ ਉਹ ਪ੍ਰਾਰਥਨਾ ਕਰਦੇ ਹਨ!

ਪਾ: ਨਿਕੋ ਸਮਿਟ

ਵਿਸ਼ਵਾਸੀ ਹੋਣ ਦੇ ਨਾਤੇ ਪ੍ਰਾਰਥਨਾ ਸਾਡੇ ਲਈ ਸਭ ਤੋਂ ਵੱਡੀ ਨੇਹਮਤ ਹੈ। ਪਰੰਤੂ ਇਹ ਬਹੁਤ ਵੱਡੀ ਜਿੰਮੇਵਾਰੀ ਨੂੰ ਵੀ ਲੈ ਕੇ ਆਉਂਦੀ ਹੈ। ਜਦੋਂ ਅਸੀਂ ਚੰਗਾਈ ਲਈ ਢੁਕਵਾਂ ਮਾਹੌਲ ਤਿਆਰ ਕਰਦੇ ਹਾਂ ਤਾਂ ਇਹ ਸੇਵਕਾਈ ਹੋਰ ਕਾਰਗਰ ਢੰਗ ਨਾਲ ਕੰਮ ਕਰਦੀ ਹੈ। ਜੇਕਰ ਅਸੀਂ ਇਸ ਸੇਵਕਾਈ ਨੂੰ ਕਿਰਿਆਸ਼ੀਲ ਰੂਪ ਵਿੱਚ ਵੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਤਿੰਨ ਕੰਮ ਕਰਨੇ ਪੈਣਗੇ:

1. ਸਾਨੂੰ ਪ੍ਰਮੇਸ਼ਵਰ ਅਤੇ ਜੋ ਕੁੱਝ ਉਹ ਕਰ ਸਕਦਾ ਹੈ, ਉਸ ਉੱਤੇ ਪੂਰੀ ਨਿਹਚਾ ਹੋਣੀ ਚਾਹੀਦੀ ਹੈ।
2. ਉਨ੍ਹਾਂ ਸਭ ਲੋਕਾਂ ਵਿੱਚ ਪੂਰੀ ਏਕਤਾ ਹੋਣੀ ਚਾਹੀਦੀ ਹੈ ਜੋ ਇਸ ਸੇਵਕਾਈ ਦੇ ਕੰਮ ਨੂੰ ਵੇਖਣਾ ਚਾਹੁੰਦੇ ਹਨ। ਜਦੋਂ ਉਹ ਇਕੱਠੇ ਸੇਵਕਾਈ ਕਰਨ ਤਾਂ ਉਨ੍ਹਾਂ ਵਿਚਕਾਰ ਇੱਕਜੁਟਤਾ ਅਤੇ ਇੱਕ ਦੂਏ ਲਈ ਸਤਿਕਾਰ ਹੋਣਾ ਚਾਹੀਦਾ ਹੈ। ਜੇਕਰ ਇੱਕ, ਦੂਜਿਆਂ ਦੇ ਵਿਰੁੱਧ ਪ੍ਰਾਰਥਨਾ ਕਰ ਰਿਹਾ ਹੈ ਤਾਂ ਇਸ ਨਾਲ ਏਕਤਾ ਅਰ ਚੰਗਾਈ ਦੋਨਾਂ ਉੱਤੇ ਅਸਰ ਪਵੇਗਾ।
3. ਸਾਨੂੰ ਅਰਾਧਨਾ ਦੀ ਜੀਵਨ ਸ਼ੈਲੀ ਅਪਨਾਉਣੀ ਪਵੇਗੀ। ਕੇਵਲ ਐਤਵਾਰ ਦੀ ਅਰਾਧਨਾ ਨਹੀਂ ਬਲਕਿ ਸਾਡੇ ਜੀਵਨ ਦੇ ਹਰੇਕ ਖੇਤਰ ਵਿਚ ਅਰਾਧਨਾ ਹੋਣੀ ਚਾਹੀਦੀ ਹੈ। ਅਰਾਧਨਾ ਰਾਹੀਂ ਸਾਨੂੰ ਆਪਣੇ ਪ੍ਰਮੇਸ਼ਵਰ ਦਾ ਆਦਰ ਕਰਨਾ ਹੈ।

ਜਦੋਂ ਸਾਡੇ ਅੰਦਰ ਇਹ ਤਿੰਨੋਂ ਕੰਮ ਹੋਣਗੇ ਤਦ ਚੰਗਾਈ, ਨਿਹਚਾ ਅਤੇ ਪ੍ਰਾਰਥਨਾ ਸਾਡੀ ਜੀਵਨ ਜਾਚ ਬਣ ਜਾਵੇਗੀ ਅਤੇ ਸਾਡਾ ਜੀਵਨ ਪ੍ਰਮੇਸ਼ਵਰ ਦੀ ਅਗਵਾਈ ਅਤੇ ਕੰਮ ਲਈ ਖੁੱਲ ਜਾਵੇਗਾ। 75% ਲੋਕ ਆਪਣੀ ਚੰਗਾਈ ਨੂੰ ਛੋਟੇ ਸਮੂਹਾਂ ਦੀ ਵਿਚੋਲਗੀ ਦੀ ਪ੍ਰਾਰਥਨਾ ਵਿੱਚ ਹਾਸਲ ਕਰਦੇ ਹਨ। ਇਸਦਾ ਕਾਰਨ ਇਹ ਹੈ ਕਿ ਇਨ੍ਹਾਂ ਮੀਟਿੰਗਾਂ ਵਿੱਚ ਵਿਸ਼ਵਾਸੀਆਂ ਨੂੰ ਚੰਗੀ ਦੇਖ ਰੇਖ ਮਿਲਦੀ ਅਤੇ ਜਰੂਰਤਾਂ ਦੀ ਪੂਰਤੀ ਹੁੰਦੀ ਹੈ। ਇਨ੍ਹਾਂ ਥਾਵਾਂ ਤੇ ਹੀ ਵਚਨ ਸਾਂਝਾ ਕਰਨ ਅਤੇ ਦਯਾ ਕਰਨ ਨੂੰ ਮਹੱਤਵ ਮਿਲਦਾ ਹੈ। ਜਦੋਂ ਕਿਸੇ ਕੋਲ ਇਹ ਤੋਹੜੇ ਹੁੰਦੇ ਹਨ ਤਾਂ ਉਸਦੀ ਆਤਮਿਕ ਉੱਨਤੀ ਵੱਲ, ਉਤਸਾਹ, ਸਲਾਹ ਅਤੇ ਮੌਕੇ ਦੇਣ ਦੁਆਰਾ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਹਰੇਕ ਵਿਅਕਤੀ ਦੂਏ ਪਿਆਰ ਅਤੇ ਦਯਾ ਦੀ ਭਾਵਨਾ ਰੱਖਦਾ ਹੈ। ਕਈ ਵਾਰ ਕਿਸੇ ਦੀ ਗੱਲ ਸੁਣਕੇ ਹੀ ਉਸ ਵਿਅਕਤੀ ਦੀ ਇਹ ਜਾਣਨ ਵਿੱਚ

(ਚਲਦਾ ਸਫਾ 3-)

*Touching lives by Teaching ...Since1969*

# ਬੁਲਾਵੇ ਦੀ ਗੂੰਜ

(ਅੰਗਰੇਜੀ,ਤਾਮਿਲ,ਮਲਿਆਲਮ,ਤੇਲਗੂ,ਹਿੰਦੀ,,ਮਰਾਠੀ,ਕੰਨੜਾ,ਬੰਗਾਲੀ,ਗੁਜਰਾਤੀ, ਉੜੀਆ,ਨੇਪਾਲੀ,ਪੰਜਾਬੀ,ਉਰਦੂ,ਸਿਨਹਾਲਾ ਅਤੇ ਅਫਰੀਕਨ ਮਾਸਿਕ ਪੱਤ੍ਰਿਕਾ)

ECHO OF HIS CALL 1969-2019 GOLDEN JUBILEE



## "ਤੂੰ ਆਪਣੀ ਨੇਕੀ ਦਾ ਮੁਕਟ ਸਾਲ ਦੇ ਉੱਤੇ ਧਰਦਾ ਹੈਂ..." (ਜ਼ਬੂਰ 65:11)।

ਸ਼ਾਂਤੀ ਦਾ ਪ੍ਰਮੇਸ਼ਵਰ ਇਸ ਪੂਰੇ ਸਾਲ, 2020 ਵਿੱਚ ਤੁਹਾਡੇ ਨਾਲ ਰਹੇ!

ਪ੍ਰਭੂ ਯਿਸੂ ਮਸੀਹ ਵਿੱਚ ਪਿਆਰੇ ਭਰਾਵੋ ਤੇ ਭੈਣੋ,

ਪ੍ਰਭੂ ਯਿਸੂ ਮਸੀਹ ਵੱਲੋਂ ਤੁਹਾਨੂੰ ਸ਼ਾਂਤੀ ਅਤੇ ਕਿਰਪਾ ਮਿਲਦੀ ਰਹੇ!

ਸੱਚਮੁਚ, ਇਸ ਇਤਿਹਾਸਕ ਮਹੱਤਵ ਵਾਲੇ ਕ੍ਰਿਸਮਸ ਅਤੇ ਸਾਲ 2020, ਵਿੱਚ ਇਹ ਸਾਡੇ ਲਈ ਬੜੀ ਬਰਕਤ ਦੀ ਗੱਲ ਹੈ ਕਿ ਅਸੀਂ ਇੱਕ ਦੂਜੇ ਨੂੰ ਸ਼ੁੱਭ-ਇੱਛਾਵਾਂ ਦੇ ਸਕੀਏ। ਪ੍ਰਭੂ ਯਿਸੂ ਮਸੀਹ ਨੇ ਸਾਡੀ ਉਮਰ ਨੂੰ ਵਧਾਇਆ ਹੈ ਕਿ ਅਸੀਂ ਇਸ ਸਾਲ ਵਿੱਚ ਵੀ ਪਹੁੰਚ ਸਕੀਏ। ਇਸ ਲਈ ਸਾਨੂੰ ਵੀ ਉਸਦੇ ਤਾਲਬ ਹੋਣ ਦਾ, ਉਸ ਲਈ ਜੀਣ ਦਾ ਅਤੇ ਜੀਵਨ ਵਿੱਚ ਉਸਦੀ ਮਰਜੀ ਪੂਰੀ ਕਰਨ ਦਾ ਨਿਰਣਾ ਲੈਣਾ ਪਵੇਗਾ। ਅਜ਼ਰਾ 8:22 ਵਿੱਚ ਪ੍ਰਮੇਸ਼ਵਰ ਦਾ ਵਚਨ ਆਖਦਾ ਹੈ, "ਪ੍ਰਮੇਸ਼ਵਰ ਦਾ ਹੱਥ ਭਲਿਆਈ ਲਈ ਉਨ੍ਹਾਂ ਸਾਰਿਆਂ ਦੇ ਨਾਲ ਹੈ ਜੋ ਉਸਦੇ ਤਾਲਬ ਹਨ"। ਇਸੇ ਲਈ ਸਾਨੂੰ ਹਰ ਦਿਨ ਉਸਦੀ ਮਰਜ਼ੀ ਜਾਣਨ ਅਤੇ ਉਸੇ ਦੀ ਅਗਵਾਈ ਵਿੱਚ ਚੱਲਣ ਲਈ ਵੀ ਤਿਆਰ ਹੋਣਾ ਪਵੇਗਾ। "ਆਪਣੇ ਸਾਰੇ ਰਾਹਾਂ ਵਿੱਚ ਉਹ ਨੂੰ ਪਛਾਣ ਅਤੇ ਉਹ ਤੇਰੇ ਮਾਰਗਾਂ ਨੂੰ ਸਿੱਧਾ ਕਰੇਗਾ" ਕਹਾਉਤਾਂ 3:6।

ਜੇ ਮੈਂ ਆਪਣੀ ਗੱਲ ਕਰਾਂ ਤਾਂ, ਹਰ ਸਵੇਰ ਮੈਂ ਆਪਣੇ ਪ੍ਰਭੂ ਅਰ ਮੁਕਤੀਦਾਤਾ ਯਿਸੂ ਮਸੀਹ ਦੇ ਅੱਗੇ ਗੋਡਿਆਂ ਤੇ ਆਉਂਦਾ ਹਾਂ ਅਤੇ ਧੰਨਵਾਦੀ ਹਿਰਦੇ ਨਾਲ ਆਪਣੀਆਂ ਸਭ ਅਯੋਗਤਾਵਾਂ ਅਤੇ ਕਮਜ਼ੋਰੀਆਂ ਨੂੰ ਮੰਨ ਕੇ ਇਹ ਪ੍ਰਾਰਥਨਾ ਕਰਦਾ ਹਾਂ: "ਹੇ ਮੇਰੇ ਪ੍ਰਭੂ ਪ੍ਰਮੇਸ਼ਵਰ ਯਿਸੂ ਮਸੀਹ, ਮੈਂ ਇਹ ਗੱਲ ਜਾਣਦਾ ਹਾਂ, ਕਿ ਤੂੰ ਕਿਸੇ ਨੂੰ ਭਾਲ ਰਿਹਾ ਹੈਂ (ਯਿਰਮਿਯਾਹ 32:19) ਜੋ ਤੇਰੇ ਹਿਰਦੇ ਨੂੰ ਸਮਝੇ ਅਤੇ ਤੇਰੀ ਮਰਜ਼ੀ ਪੂਰੀ ਕਰੇ (ਯਸਾਯਾਹ 6:8)। ਮੇਰੇ ਪ੍ਰਭੂ ਮੈਂ ਇੱਥੇ ਹਾਂ; ਅੱਜ ਮੈਨੂੰ ਇਸਤੇਮਾਲ ਕਰ; ਮੈਂ ਉਹ ਕਰਨ ਲਈ ਤਿਆਰ ਹਾਂ ਜੋ ਤੂੰ ਚਾਹੁੰਦਾ ਹੈਂ; ਮੈਨੂੰ ਆਪਣੀ ਕਿਰਪਾ ਦੇ; ਮੈਨੂੰ ਤੇਰੀਆਂ ਵਿਧੀਆਂ ਤੋਂ ਲਾਂਭੇ ਨਾ ਹੋਣ ਦੇ (ਜ਼ਬੂਰ 119:19); ਮੈਂ ਕਮਜ਼ੋਰ ਹਾਂ, ਇਸ ਕਰਕੇ ਆਪਣੇ ਕੀਮਤੀ ਲਹੂ ਨਾਲ ਮੈਨੂੰ ਤਿਆਰ ਕਰ"। ਸਾਡਾ ਪ੍ਰਭੂ ਪ੍ਰਮੇਸ਼ਵਰ, ਜੋ ਸਾਡੀਆਂ ਪ੍ਰਾਰਥਨਾਵਾਂ ਦਾ ਉੱਤਰ ਦੇਣ ਵਾਲਾ ਖੁਦਾ ਹੈ ਮੇਰੀਆਂ ਦੁਆਵਾਂ ਸੁਣਦਾ ਅਤੇ ਮੇਰੇ ਕਮਜ਼ੋਰ, ਅਯੋਗ ਹੋਣ ਦੇ ਬਾਵਜੂਦ ਅਰ ਲੋੜੀਂਦੀ ਸਮਾਜਿਕ ਅਤੇ ਆਰਥਿਕ ਸਹਾਇਤਾ ਨਾ ਹੋਣ ਦੇ ਬਾਵਜੂਦ ਵੀ ਮੇਰੀਆਂ ਲੋੜਾਂ ਦਾ ਧਿਆਨ ਰੱਖਦਾ ਹੈ। ਹਰ ਦਿਨ, ਉਸਦੇ ਵਾਅਦੇ ਦੇ ਮੁਤਾਬਿਕ ਉਸਦੀ ਕਿਰਪਾ ਮੇਰੇ ਜੀਵਨ ਦੇ ਹਰ ਖੇਤਰ ਵਿੱਚ ਕਾਫ਼ੀ ਹੁੰਦੀ ਹੈ ਕਿਉਂਕਿ ਉਸਨੇ ਆਖਿਆ ਹੈ, "ਮੇਰੀ ਕਿਰਪਾ ਹੀ ਤੇਰੇ ਲਈ ਬਥੇਰੀ ਹੈ" (2 ਕੁਰਿੰਥੀਆਂ 12:9)।

ਮੇਰੇ ਪਿਆਰੇ ਭਰਾਵੋ ਤੇ ਭੈਣੋ, ਸਰਵਸ਼ਕਤੀਮਾਨ ਪ੍ਰਮੇਸ਼ਵਰ ਯਿਸੂ ਮਸੀਹ ਦੇ ਇਹ ਉਤਸਾਹੀ ਸ਼ਬਦ ਅੱਜ ਅਤੇ ਭਵਿੱਖ ਵਿੱਚ ਵੀ ਤੁਹਾਡੀ ਸਹਾਇਤਾ ਕਰਨਗੇ। ਤੁਸੀਂ ਜੀਵਨ ਵਿੱਚ ਅਚੰਭੇ ਕੰਮ ਵੇਖੋਗੇ (ਮੀਕਾਹ 7:15)।

ਕਿਰਪਾ ਕਰਕੇ ਇਹ ਚੇਤੇ ਰੱਖੋ ਕਿ ਅਸੀਂ ਹਰ ਮਹੀਨੇ ਬੜੀ ਤੰਗੀ ਅਰ ਸਖ਼ਤ ਮੇਹਨਤ ਨਾਲ ਬੁਲਾਵੇ ਦੀ ਗੂੰਜ ਮੈਗਜ਼ੀਨ ਨੂੰ 16 ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕਰਕੇ ਤੁਹਾਡੇ ਵਰਗੇ ਪਿਆਰਿਆਂ ਨੂੰ ਇਸ ਉਮੀਦ ਨਾਲ ਭੇਜਦੇ ਹਾਂ ਕਿ ਪ੍ਰਮੇਸ਼ਵਰ ਤੁਹਾਡੇ ਜੀਵਨਾਂ ਵਿੱਚ ਹਰ ਦਿਨ ਅਦਭੁਤ ਕੰਮ ਕਰੇ, ਕਿਉਂਕਿ ਇਸ ਵਿੱਚ ਸਵਰਗੀ ਸੰਦੇਸ਼ ਅਤੇ ਪੂਰੇ ਮਹੀਨੇ ਦੇ ਹਰ ਦਿਨ ਲਈ ਪ੍ਰਾਰਥਨਾ ਦੇ ਵਿਸ਼ੇ ਹੁੰਦੇ ਹਨ; ਇੰਝ ਤੁਸੀਂ ਬੁਲਾਵੇ ਦੀ ਗੂੰਜ ਪਰਿਵਾਰ ਦੇ ਬਹੁਤ ਕਰੀਬੀ ਹੋ। ਇਸ ਕਰਕੇ ਸੰਸਾਰ ਭਰ ਵਿੱਚ ਰਹਿੰਦੇ ਆਪਣੇ ਪ੍ਰਾਰਥਨਾ ਸਹਿਭਾਗੀਆਂ ਨਾਲ ਮਿਲਕੇ, ਮੈਂ ਖੁਦ ਤੁਹਾਡੇ ਲਈ ਪ੍ਰਾਰਥਨਾ ਕਰਨ ਦਾ ਬੀੜਾ ਚੁੱਕਿਆ ਹੈ। ਇਸ ਕਰਕੇ ਇਹ ਦਲੇਰੀ ਰੱਖੋ ਕਿ ਤੁਸੀਂ ਹਰ ਵੇਲੇ ਪ੍ਰਾਰਥਨਾ ਦੀ ਸੁਰੱਖਿਆ ਹੇਠ ਹੋ।ਪ੍ਰਮੇਸ਼ਵਰ ਯਿਸੂ ਮਸੀਹ ਨੇ ਇਹ ਸਾਨੂੰ ਸੌਂਪਿਆ ਹੈ।

ਮੈਂ ਬਹੁਤ ਅਨੰਦਤ ਹਾਂ ਕਿ ਤੁਸੀਂ ਬੜੇ ਧਿਆਨ ਨਾਲ ਇਸ ਪੱਤ੍ਰਿਕਾ ਨੂੰ ਪੜ੍ਹਦੇ ਹੋ। ਉਦਾਹਰਨ ਵੱਜੋਂ, ਸਾਡੇ ਨਵੰਬਰ 2019, ਦੇ ਬੁਲਾਵੇ ਦੀ ਗੂੰਜ ਸੰਸਕਰਨ ਦੇ ਪ੍ਰਾਰਥਨਾ ਵਾਲੇ ਪੰਨੇ ਵਿੱਚ, ਦਿਨ 27 ਨਵੰਬਰ ਵਾਲੀ ਥਾਂ ਛਪਾਈ ਵਿੱਚ ਇੱਕ ਗਲਤੀ ਸੀ। ਉਸ ਦਿਨ ਸੰਸਾਰ ਭਰ ਤੋਂ ਤੁਹਾਡੇ ਵਰਗੇ ਲੋਕਾਂ ਦੇ ਮੈਨੂੰ ਇਹ ਪੁੱਛਣ ਲਈ ਬਹੁਤ ਫ਼ੋਨ ਆਏ ਕਿ ਇਹ ਪ੍ਰਾਰਥਨਾ ਕਿਸ ਵਿਸ਼ੇ ਲਈ ਕਰਨੀ ਹੈ? ਅਸੀਂ ਉਨ੍ਹਾਂ ਦੀ ਸ਼ਲਾਘਾ ਕਰਦੇ ਹਾਂ ਅਤੇ





**CHIEF EDITORS**
Pastor S. Sam Selva Raj
Angeline Selvakumari Henry, M.A., M.Ed.

**MANAGING EDITOR**
Pastor Alex Samson Sam, B.Th., M.Div.

**ADMINISTRATION**
Bro. N. Prakasam, M.A., General Manager

**EDITORIAL BOARD**
Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M. Phil., B.Ed.

**ADVISORY BOARD**
Adv. Jose Abraham
Adv. N. Balaji, B.Com., B.L.
Dr. S. Rabinder Boaz, M.S.
Er. C.G.S. Baburao, B.Tech., M.Tech. (DM)
Aud. K. Puratchivendan, M.Com., B.L.
Bro. Rajeswaran Samuel, B.Com.



**PUBLISHER & PRINTER**
Pastor S. SAM SELVA RAJ
**Echo of His Call Printers**
10, Mohammed Abdullah 2nd Street,
Chepauk, Chennai- 600 005, India.
**Phone :** (+91-44) 2852 8282
2852 9293, 2854 7766
**Email :** sam@echoofhiscall.org
biblecor@yahoo.co.in
**Websites :**
www.echoofhiscall.org
www.echoofhiscall.com



**Our Ministries:** ECHO OF HIS CALL Monthly Magazines (16 languages) BIBLECOR - Postal Courses (3 languages) Theological Correspondence Courses (2 languages) Church Planting Nehemiah Bible Colleges Gospel Printing Press Great Commission Partners Village English High School Crusades 100 Prayer Warriors Community Development

ਆਪਣੀ ਗਲਤੀ ਲਈ ਮਾਫ਼ੀ ਮੰਗਦੇ ਹਾਂ।

ਅਸੀਂ ਸਾਡੇ ਪ੍ਰਾਰਥਨਾ ਸਹਿਭਾਗੀਆਂ ਦੇ, ਜਿਨ੍ਹਾਂ ਨੇ ਤੁਹਾਡੇ ਵਰਗੇ ਸਾਡੇ ਪਾਠਕਾਂ ਅਰ ਬੁਲਾਵੇ ਦੀ ਗੂੰਜ ਲਈ ਪ੍ਰਾਰਥਨਾ ਕਰਨ ਦੀ ਜ਼ਿੰਮੇਵਾਰੀ ਲਈ ਹੈ, ਵਿਸ਼ਵਾਸ ਸਹਿਭਾਗੀਆਂ ਦੇ, ਜੋ ਹਰ ਮਹੀਨੇ ਪ੍ਰਾਰਥਨਾ ਨਾਲ ਮਦਦ ਭੇਜਦੇ ਹਨ, ਜੀਵਨ ਸਹਿਭਾਗੀਆਂ ਦੇ, (ਜਿਨ੍ਹਾਂ ਇੱਕੋ ਵਾਰ ਪੈਸੇ ਦਾ ਭੁਗਤਾਨ ਕਰ ਦਿੱਤਾ ਹੈ), ਸਬਸਕ੍ਰਾਈਬ ਸਹਿਭਾਗੀਆਂ ਦੇ, ਜਿਹੜੇ ਬੁਲਾਵੇ ਦੀ ਗੂੰਜ ਲਈ ਪ੍ਰਾਰਥਨਾਵਾਂ ਅਰ ਮਦਦ ਕਰਦੇ ਹਨ ਅਤੇ ਲਈ ਦਹਾਕਿਆਂ ਤੋਂ ਸਾਡੇ ਨਾਲ ਅਥੱਕ ਮੇਹਨਤ ਕਰ ਰਹੇ ਹਨ, ਅਤੇ ਮਹਾਂ-ਆਦੇਸ਼ ਸਹਿਭਾਗੀਆਂ ਦੇ, ਜਿਹੜੇ ਪ੍ਰਾਰਥਨਾਵਾਂ ਅਰ ਪ੍ਰਮੇਸ਼ਵਰ ਦਾ ਕੰਮ ਕਰ ਰਹੇ ਹਨ, ਬਹੁਤ ਧੰਨਵਾਦੀ ਹਾਂ।

ਅਸੀਂ ਬੁਲਾਵੇ ਦੀ ਗੂੰਜ ਦੇ 51ਵੇਂ ਸਾਲ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰਦੇ ਹਾਂ। ਇਸ ਸਾਲ ਵੀ ਮੇਰੀ ਤਾਕਤ ਅਤੇ ਯੋਗਤਾ ਤੋਂ ਵਧੀਕ ਮੈਨੂੰ ਭਾਰਤ ਦੇ ਅੰਦਰ ਅਤੇ ਬਾਹਰ ਯਾਤਰਾਵਾਂ ਕਰਨੀਆਂ ਪੈਣਗੀਆਂ; ਭਾਰਤ, ਨੇਪਾਲ, ਪਾਕਿਸਤਾਨ, ਬੰਗਲਾਦੇਸ਼ ਅਤੇ ਸ਼ੀਲੰਕਾ ਵਿੱਚ ਸੁਸਮਾਚਾਰ ਪ੍ਰਚਾਰ, ਨਵੇਂ ਆਗੂ ਖੜੇ ਕਰਨ, ਕਲੀਸਿਆਵਾਂ ਦੀ ਸਥਾਪਨਾ ਅਤੇ ਦੱਬੇ ਕੁਚਲਿਆਂ ਲਈ ਸਮਾਜ ਭਲਾਈ ਦੇ ਕੰਮ ਕਰਨ ਲਈ ਯੋਜਨਾਵਾਂ ਬਣਾਉਣੀਆਂ ਪੈਣਗੀਆਂ। ਮੈਂ ਪ੍ਰਮੇਸ਼ਵਰ ਅਰ ਤੁਹਾਡੇ ਅੱਗੇ ਖੁਦ ਨੂੰ ਨਿਮਰ ਕਰਦਾ ਹਾਂ ਅਰ ਰਾਸ਼ਟਰਾਂ ਵਿੱਚ ਸਾਡੇ ਰਾਹੀਂ ਉਸਦੇ ਦਰਸ਼ਨ ਦੀ ਪੂਰਤੀ ਲਈ, ਅੱਗੇ ਦਿੱਤੀਆਂ ਲੋੜਾਂ ਲਈ ਪ੍ਰਾਰਥਨਾ ਕਰਨ ਲਈ ਬੇਨਤੀ ਕਰਦਾ ਹਾਂ।

1. ਪ੍ਰਮੇਸ਼ਵਰ ਦੀ ਕਿਰਪਾ ਉਨ੍ਹਾਂ ਸਭਨਾਂ ਉੱਤੇ ਹੋਵੇ ਜਿਹੜੇ ਸਾਨੂੰ ਪਿਆਰ ਕਰਦੇ, ਸਾਡੇ ਉੱਤੇ ਭਰੋਸਾ ਕਰਦੇ, ਸਾਡੇ ਲਈ ਪ੍ਰਾਰਥਨਾ ਕਰਦੇ ਅਤੇ ਸਾਡੀ ਆਰਥਿਕ ਮਦਦ ਕਰਦੇ ਹਨ।

2. ਆਰਥਿਕ ਪੱਖੋਂ ਪ੍ਰਮੇਸ਼ਵਰ ਦਾ ਮਦਦਗਾਰ ਹੱਥ ਸਾਡੇ ਨਾਲ ਰਹੇ ਕਿਉਂਕਿ ਸਾਡੇ ਕੋਲ ਰੋਜਾਨਾਂ ਲੋੜਾਂ ਦੀ ਪੂਰਤੀ ਲਈ ਕੋਈ ਸਥਾਈ ਆਮਦਨੀ ਨਹੀਂ ਹੈ ਅਰ ਅਸੀਂ ਸਭ ਕੁਝ ਸਾਡੇ ਪ੍ਰਭੂ ਯਿਸੂ ਉੱਤੇ ਨਿਹਚਾ ਰੱਖਕੇ ਹੀ ਕਰਦੇ ਹਾਂ।

3. ਪ੍ਰਮੇਸ਼ਵਰ ਦਾ ਮਦਦ ਵਾਲਾ ਹੱਥ, ਮੁੱਖ ਦਫ਼ਤਰ, ਬ੍ਰਾਂਚ ਦਫ਼ਤਰਾਂ, ਕਲੀਸਿਆਵਾਂ, ਸੇਂਟ ਪੌਲ ਮੈਟ੍ਰਿਕੁਲੇਸ਼ਨ ਹਾਈ ਸਕੂਲ, ਨਹਮਯਾਹ ਬਾਈਬਲ ਕਾਲਜਾਂ, ਬਾਈਬਲਕੋਰ (ਬਾਈਬਲ ਪੱਤਰ ਵਿਹਾਰ ਕੋਰਸ), ਥਿਆਲੋਜੀਕਲ ਪੱਤਰ ਵਿਹਾਰ ਕੋਰਸਾਂ, ਛਾਪੇਖਾਨੇ, ਸਹਾਇਕ ਸੰਪਾਦਕਾਂ ਅਤੇ ਉਨ੍ਹਾਂ ਦੇ ਸਟਾਫ਼ ਮੈਂਬਰਾਂ, ਮਿਸ਼ਨ ਸੈਂਟਰਾਂ ਆਦਿ ਨੂੰ ਵਿਸ਼ੇਸ਼ ਮਸਹ ਅਤੇ ਤਾਕਤ ਨਾਲ ਮਜਬੂਤ ਬਣਾਵੇ ਅਰ ਹੋਰ ਤਿਆਰ ਕਰੇ। ਕਈ ਵਾਰ ਮੈਨੂੰ ਕੁਝ ਖੇਤਰਾਂ ਵਿੱਚ ਸੰਪੂਰਨਤਾ ਦਿਖਾਈ ਨਹੀਂ ਦਿੰਦੀ।

4. ਮੈਨੂੰ, ਹੋਰ ਨੁਮਾਇੰਦਿਆਂ ਅਰ ਉਨ੍ਹਾਂ ਦੇ ਸਾਥੀਆਂ, ਆਤਮਿਕ ਲੀਡਰਾਂ, ਕੰਪਿਊਟਰ ਅਰ ਗੱਡੀਆਂ ਦੀ ਦੇਖਰੇਖ ਲਈ, ਛਾਪੇਖਾਨੇ, ਹਾਈ ਸਕੂਲ, ਬਾਈਬਲ ਕਾਲਜਾਂ, ਦਫ਼ਤਰੀ ਪ੍ਰਬੰਧ, ਮੀਡੀਆ ਸੇਵਕਾਈ, ਮਿਸ਼ਨਰੀ ਕੰਮਾਂ. ਦੇਖਰੇਖ ਅਤੇ ਸਾਂਭ ਸੰਭਾਲ ਲਈ ਹੋਰ ਕੁਸ਼ਲ ਅਰ ਮਸਹ ਪਾਏ ਹੋਏ ਕਾਮਿਆਂ ਦੀ ਲੋੜ ਹੈ।

5. ਮੇਰੀ ਪਤਨੀ ਜੇਸੀ ਵੀਨਾ ਸੈਮ ਦੀ ਸੇਹਤ ਕਈ ਵਾਰ ਮੈਨੂੰ ਚਿੰਤਤ ਕਰਦੀ ਹੈ ਕਿਉਂਕਿ ਉਹ ਫੇਫੜਿਆਂ ਦੀ ਤਕਲੀਫ਼ ਨਾਲ ਪੀੜਿਤ ਹੈ। ਭਾਵੇਂ ਡਾਕਟਰਾਂ ਨੇ ਤਾਂ 2018 ਵਿੱਚ ਹੀ ਉਮੀਦ ਛੱਡ ਦਿੱਤੀ ਸੀ ਪਰੰਤੂ ਪ੍ਰਮੇਸ਼ਵਰ ਨੇ ਅੱਜ ਵੀ ਮੇਰੀ ਸਹਾਇਕ ਵੱਜੋਂ ਉਸਨੂੰ ਸੰਭਾਲਿਆ ਹੋਇਆ ਹੈ।

6. ਮੇਰੇ ਬੇਟੇ ਪਾ. ਅਲੈਕਸ ਸੈਮਸਨ ਸੈਮ ਕੋਲ ਪ੍ਰਮੇਸ਼ਵਰ ਦੀ ਸੇਵਕਾਈ ਲਈ ਇੱਕ ਵਿਸ਼ੇਸ਼ ਬੁਲਾਹਟ, ਜਜ਼ਬਾ, ਅਤੇ ਤੋੜੇ ਹਨ। ਆਪਣੀ ਥਿਆਲੋਜੀਕਲ ਪੜ੍ਹਾਈ ਪੂਰੀ ਕਰਨ ਤੋਂ ਬਾਦ ਮੇਰੇ ਨਾਲ ਹੀ ਉਹ ਪ੍ਰਭੂ ਦੀ ਸੇਵਕਾਈ ਕਰ ਰਿਹਾ ਹੈ ਅਤੇ ਉਸਨੇ ਮੇਰੀਆਂ ਬਹੁਤੀਆਂ ਜ਼ਿੰਮੇਵਾਰੀਆਂ ਖੁਦ ਲੈ ਲਈਆਂ ਹਨ।ਉਸਦੀ ਚੰਗੀ ਸੇਹਤ ਅਤੇ ਕੰਮ ਲਈ ਤਹਾਡੀਆਂ ਵਿਸ਼ੇਸ਼ ਪ੍ਰਾਰਥਨਾਵਾਂ ਦੀ ਲੋੜ ਹੈ ਕਿ ਪ੍ਰਭੂ ਉਸਨੂੰ ਹੋਰ ਤਾਕਤ ਅਤੇ ਬਲ ਬਖ਼ਸ਼ੇ।

7. ਮੇਰੀ ਬੇਟੀ ਏਂਜਲੀਨ ਸੇਲਵਾਕੁਮਾਰੀ ਹੈਨਰੀ ਭਾਰਤ ਤੋਂ ਬਾਹਰ ਹੈ। ਉਹ ਇੱਕ ਬਹੁਤ ਨਿਪੁੰਨ ਖੁਦਾ ਦੀ ਬੇਟੀ ਹੈ ਜੋ ਪ੍ਰਭੂ ਲਈ ਬਹੁਤ ਵੱਡੇ ਕੰਮ ਕਰ ਸਕਦੀ ਹੈ। ਅਸੀਂ ਪ੍ਰਮੇਸ਼ਵਰ ਅੱਗੇ ਪ੍ਰਾਰਥਨਾ ਕਰਦੇ ਹਾਂ ਕਿ ਉਹ ਜਲਦੀ ਭਾਰਤ ਆਵੇ ਅਤੇ ਸੇਵਕਾਈ ਵਿੱਚ ਆਪਣੀਆਂ ਜ਼ਿੰਮੇਵਾਰੀਆਂ ਨੂੰ ਸੰਭਾਲੇ।

ਇਸ ਨਵੇਂ ਸਾਲ, 2020 ਵਿੱਚ ਮੈਂ ਆਪਣੇ ਸਭ ਪੁਰਾਣੇ ਮਿੱਤਰਾਂ, ਸਹਾਇਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਿੱਠੀਆਂ ਯਾਦਾਂ ਨਾਲ ਚੇਤੇ ਕਰਦਾ ਹਾਂ।ਮੈਂ ਇੱਕ ਵਾਰ ਫਿਰ ਆਪਣੇ ਸੰਸਾਰ ਭਰ ਵਿੱਚ ਵੱਸਦੇ ਸਭ ਪਾਠਕਾਂ, ਮਿੱਤਰਾਂ ਅਤੇ ਸਹਾਇਕਾਂ ਨੂੰ ਸਾਡੇ ਮੁਕਤੀਦਾਤਾ ਅਤੇ ਪ੍ਰਭੂ ਯਿਸੂ ਮਸੀਹ ਦੇ ਕਦੇ ਨਾ ਬਦਲਣ ਵਾਲੇ ਅਤੇ ਪਵਿੱਤਰ ਨਾਂ ਵਿੱਚ ਸ਼ੁੱਭ-ਇੱਛਾਵਾਂ ਦਿੰਦਾ ਹਾਂ!

ਕ੍ਰਿਸਮਸ ਅਤੇ ਮੁਬਾਰਕ ਨਵੇਂ ਸਾਲ, 2020 ਲਈ ਸ਼ੁੱਭ-ਇੱਛਾਵਾਂ।

ਮਸੀਹ ਵਿੱਚ ਤੁਹਾਡਾ ਸੇਵਕ,
ਐੱਸ. ਸੈਮ ਸੇਲਵਾ ਰਾਜ।

---

(ਚਲਦਾ ਸਫਾ 1 ਤੋਂ)

ਮਦਦ ਕੀਤੀ ਜਾ ਸਕਦੀ ਹੈ ਕਿ ਪ੍ਰਮੇਸ਼ਵਰ ਉਸਨੂੰ ਕੀ ਆਖ ਰਿਹਾ ਹੈ। ਇੱਕ ਦਯਾਪੂਰਨ ਵਤੀਰਾ ਇਹ ਵਿਖਾਉਂਦਾ ਹੈ ਕਿ ਤੁਸੀਂ ਉਨ੍ਹਾਂ ਦੀ ਚਿੰਤਾ ਕਰਦੇ ਹੋ ਅਤੇ ਦਿਲੋਂ ਉਨ੍ਹਾਂ ਦਾ ਭਲਾ ਚਾਹੁੰਦੇ ਹੋ।

ਲੂਕਾ 11:1-13 "ਤਾਂ ਐਉਂ ਹੋਇਆ ਕਿ ਉਹ ਕਿਸੇ ਥਾਂ ਪ੍ਰਾਰਥਨਾ ਕਰਦਾ ਸੀ ਅਰ ਜਾਂ ਕਰ ਹਟਿਆ ਤਾਂ ਉਹ ਦੇ ਚੇਲਿਆਂ ਵਿੱਚੋਂ ਇੱਕ ਨੇ ਉਹ ਨੂੰ ਆਖਿਆ, ਪ੍ਰਭੂ ਜੀ ਸਾਨੂੰ ਪ੍ਰਾਰਥਨਾ ਕਰਨੀ ਸਿਖਾ ਜਿਵੇਂ ਯੂਹੰਨਾ ਨੇ ਵੀ ਆਪਣੇ ਚੇਲਿਆਂ ਨੂੰ ਸਿਖਾਈ। ਫੇਰ ਉਸਨੇ ਉਨ੍ਹਾਂ ਨੂੰ ਕਿਹਾ, ਜਾਂ ਤੁਸੀਂ ਪ੍ਰਾਰਥਨਾ ਕਰੋ ਤਾਂ ਕਹੋ, "ਹੇ ਪਿਤਾ, ਤੇਰਾ ਨਾਮ ਪਾਕ ਮੰਨਿਆਂ ਜਾਵੇ, ਤੇਰਾ ਰਾਜ ਆਵੇ, ਸਾਡੀ ਰੋਜ਼ ਦੀ ਰੋਟੀ ਸਾਨੂੰ ਦੇ, ਅਤੇ ਸਾਡੇ ਪਾਪ ਸਾਨੂੰ ਮਾਫ਼ ਕਰ ਕਿਉਂ ਜੋ ਅਸੀਂ ਆਪ ਵੀ ਆਪਣੇ ਹਰੇਕ ਕਰਜਾਈ ਨੂੰ ਮਾਫ਼ ਕਰਦੇ ਹਾਂ; ਅਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ" ਉਸਨੇ ਉਨ੍ਹਾਂ ਨੂੰ ਆਖਿਆ, ਤੁਹਾਡੇ ਵਿੱਚੋਂ ਅਜਿਹਾ ਕੌਣ ਹੈ ਜਿਹ ਦਾ ਇੱਕ ਮਿੱਤਰ ਹੋਵੇ ਅਤੇ ਅੱਧੀ ਰਾਤ ਨੂੰ ਉਹਦੇ ਕੋਲ ਜਾ ਕੇ ਉਹ ਨੂੰ ਕਹੇ, ਮਿੱਤਰ ਤਿੰਨ ਰੋਟੀਆਂ ਮੈਨੂੰ ਉਧਾਰੀਆਂ ਦੇ ਕਿਉਂ ਜੋ ਮੇਰਾ ਇੱਕ ਮਿੱਤਰ ਪੈਂਡਾ ਕਰਕੇ ਮੇਰੇ ਕੋਲ ਆਇਆ ਹੈ ਅਤੇ ਮੇਰੇ ਕੋਲ ਕੁੱਝ ਨਹੀਂ ਜੋ ਉਹ ਦੇ ਅੱਗੇ ਰੱਖਾਂ ਅਰ ਉਹ ਅੰਦਰੋਂ ਉੱਤਰ ਦੇਵੇ ਭਈ ਮੈਨੂੰ ਔਖਾ ਨਾ ਕਰ, ਹੁਣ ਬੂਹਾ ਵੱਜਿਆ ਹੋਇਆ ਹੈ ਅਤੇ ਮੇਰੇ ਲੜਕੇ ਬਾਲੇ ਮੇਰੇ ਨਾਲ ਸੁੱਤੇ ਪਏ ਹਨ, ਮੈਂ ਉੱਠ ਕੇ ਤੈਨੂੰ ਦੇ ਨਹੀਂ ਸਕਦਾ। ਮੈਂ ਤੁਹਾਨੂੰ ਸੱਤ ਆਖਦਾ ਹਾਂ ਭਾਵੇਂ ਉਹ ਉਹਦਾ ਮਿੱਤਰ ਹੋਣ ਕਰਕੇ ਉੱਠ ਕੇ ਉਹਨੂੰ ਨਾ ਦੇਵੇ ਪਰ ਉਹ ਦੇ ਢੀਠਪੁਣੇ ਦੇ ਕਾਰਨ ਉੱਠੇਗਾ ਅਰ ਜਿੰਨੀਆਂ ਦੀ ਲੋੜ ਹੋਵੇਗੀ ਉਹ ਨੂੰ ਦੇਵੇਗਾ। ਮੈਂ ਤੁਹਾਨੂੰ ਆਖਦਾ ਹਾਂ, ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ, ਢੂੰਡੋ ਤਾਂ ਤੁਹਾਨੂੰ ਲੱਭੇਗਾ, ਖੜਕਾਓ ਤਾਂ ਤੁਹਾਡੇ ਲਈ ਖੋਲਿਆ ਜਾਵੇਗਾ; ਕਿਉਂਕਿ ਹਰੇਕ ਜਿਹੜਾ ਮੰਗਦਾ ਹੈ ਉਹ ਲੈਂਦਾ ਹੈ ਅਤੇ ਜਿਹੜਾ ਢੂੰਡਦਾ ਹੈ ਉਹ ਲੱਭਦਾ ਹੈ ਅਰ ਜਿਹੜਾ ਖੜਕਾਉਂਦਾ ਹੈ ਉਹਦੇ ਲਈ ਖੋਲਿਆ ਜਾਵੇਗਾ।ਪਰ ਤੁਹਾਡੇ ਵਿੱਚੋਂ ਉਹ ਕਿਹੜਾ ਪਿਓ ਹੈ ਕਿ ਜੇ ਉਹਦਾ ਪੁੱਤਰ ਮੱਛੀ ਮੰਗੇ ਤਾਂ ਉਹ ਸੱਪ ਦੇਵੇਗਾ? ਜਾਂ ਜੇ ਅੰਡਾ ਮੰਗੇ ਤਾਂ ਉਹਨੂੰ ਬਿੱਛੂ ਦੇਵੇਗਾ? ਸੋ ਜੇ ਤੁਸੀਂ ਬੁਰੇ ਹੋ ਕੇ ਆਪਣੇ ਬਾਲਕਾਂ ਨੂੰ ਅੱਛੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਉਹ ਸੁਰਗੀ ਪਿਤਾ ਕਿੰਨਾ ਵਧੀਕ ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਦੇਵੇਗਾ!"

ਚੇਲਿਆਂ ਦੇ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਯਿਸੂ ਨੇ ਇਹ ਦੱਸਿਆ ਕਿ ਸਾਨੂੰ ਪ੍ਰਾਰਥਨਾ ਵਿੱਚ ਕਿੰਨੇ ਦਲੇਰ ਅਤੇ ਘੁਲਾਟੀਏ ਬਣਨਾ ਹੈ। ਇਸੇ ਦ੍ਰਿਸ਼ਟਾਂਤ ਵਿੱਚ ਪ੍ਰਭੂ ਯਿਸੂ ਨੇ ਦੱਸਿਆ ਕਿ ਪ੍ਰਮੇਸ਼ਵਰ ਪ੍ਰਾਰਥਨਾਵਾਂ ਦਾ ਉੱਤਰ ਦਿੰਦਾ ਹੈ। ਬਾਈਬਲ ਦੇ ਉਨ੍ਹਾਂ ਸਮਿਆਂ ਵਿੱਚ ਘਰ ਦਾ ਮਾਲਕ, ਮਹਿਮਾਨ ਦੀ ਦੇਖ ਭਾਲ ਕਰਨ ਤੋਂ ਇਨਕਾਰ ਨਹੀਂ ਸੀ ਕਰ ਸਕਦਾ। ਇਹ ਉਨ੍ਹਾਂ ਦੇ ਸੱਭਿਆਚਾਰ ਦਾ ਇੱਕ ਹਿੱਸਾ ਸੀ। ਭਾਵੇਂ ਉਹ ਮਨੁੱਖ ਬਿਸਤਰੇ ਵਿੱਚ ਨਿੱਘਾ ਹੋ ਚੁੱਕਾ ਸੀ ਅਰ ਉਸਨੇ ਘਰ ਦਾ ਦਰਵਾਜਾ ਵੀ ਬੰਦ ਕਰ ਦਿੱਤਾ ਸੀ ਪਰੰਤੂ ਆਪਣੇ ਪਿੰਡ ਦੀ ਇੱਜ਼ਤ ਦੇ ਕਰਕੇ ਉਸਦੀ ਇਹ ਜਿੰਮੇਵਾਰੀ ਸੀ ਕਿ ਉਹ ਆਪਣੇ ਗਵਾਂਢੀ ਦੀ ਮਦਦ ਕਰੇ। ਭਾਵੇਂ ਉਸ ਮਨੁੱਖ ਨੂੰ ਬਾਰ-ਬਾਰ ਖੜਕਾਉਣਾ ਪਿਆ ਪਰ ਉਹ ਜਾਣਦਾ ਸੀ ਕਿ ਉਸਦੀ ਸਹਾਇਤਾ ਜ਼ਰੂਰ ਕੀਤੀ ਜਾਵੇਗੀ। ਪ੍ਰਭੂ ਯਿਸੂ ਸਾਨੂੰ ਵੀ ਅਜਿਹਾ ਹੀ ਆਖਦੇ ਹਨ। ਕਈ ਵਾਰ ਸਾਨੂੰ ਵੀ ਬਾਰ-ਬਾਰ ਪ੍ਰਾਰਥਨਾ ਕਰਨੀ ਪੈਂਦੀ ਹੈ, ਪਰੰਤੂ ਵਾਚਾ ਅਤੇ ਪ੍ਰਮੇਸ਼ਵਰ ਦੇ ਵਚਨ ਤੋਂ ਸਾਨੂੰ ਪਤਾ ਹੈ ਕਿ ਪ੍ਰਮੇਸ਼ਵਰ ਉੱਤਰ ਜਰੂਰ ਦੇਵੇਗਾ ਅਤੇ ਉਹ ਹਰ ਭਲੀ ਅਤੇ ਉੱਤਮ ਵਸਤੂ ਸਾਨੂੰ ਜ਼ਰੂਰ ਦੇਵੇਗਾ ਜਿਸਤੋਂ ਸਾਨੂੰ ਕੋਈ ਹਾਨੀ ਨਹੀਂ ਹੋਵੇਗੀ।

## ਨਿਹਚਾ ਦੀ ਪ੍ਰਾਰਥਨਾ:

ਮਰਕੁਸ 11:23-25 "ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ, ਉੱਠ ਅਰ ਸਮੁੰਦਰ ਵਿੱਚ ਜਾ ਪਓ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਪਰਤੀਤ ਕਰੇ ਕਿ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਉਹ ਹੁੰਦੀਆਂ ਹਨ ਤਾਂ ਉਹ ਦੇ ਲਈ ਹੋ ਜਾਵੇਗਾ। ਇਸ ਲਈ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੁੱਝ ਤੁਸੀਂ ਪ੍ਰਾਰਥਨਾ ਵਿੱਚ ਮੰਗੋ, ਪਰਤੀਤ ਕਰੋ ਜੋ ਸਾਨੂੰ ਮਿਲ ਗਿਆ ਤਾਂ ਤੁਹਾਨੂੰ ਮਿਲੇਗਾ। ਜਦ ਕਦੇ ਤੁਸੀਂ ਖਲੋ ਕੇ ਪ੍ਰਾਰਥਨਾ ਕਰਦੇ ਹੋ, ਜੇ ਤੁਹਾਡਾ ਕਿਸੇ ਨਾਲ ਵਿਰੋਧ ਹੋਵੇ ਤਾਂ ਉਹ ਨੂੰ ਮਾਫ ਕਰੋ ਤਾਂ ਜੋ ਤੁਹਾਡਾ ਪਿਤਾ ਵੀ ਜਿਹੜਾ ਸੁਰਗ ਵਿੱਚ ਹੈ ਤੁਹਾਡਿਆਂ ਅਪਰਾਧਾਂ ਨੂੰ ਮਾਫ ਕਰੇ।"

ਅਜਿਹੀ ਨਿਹਚਾ ਜਦੋਂ ਅਸੀਂ ਇਹ ਸੋਚੇ ਬਿਨਾਂ ਪ੍ਰਾਰਥਨਾ ਕਰਦੇ ਹਾਂ ਕਿ ਬਿਮਾਰੀ ਕਿਹੜੀ ਹੈ। ਪ੍ਰਾਰਥਨਾ ਦੇ ਨਾਲ ਰੋਜ਼ਾ ਰੱਖਣਾ ਵੀ ਚੰਗੀ ਗੱਲ ਹੈ। ਜਦੋਂ ਅਸੀਂ ਇਮਾਨਦਾਰੀ ਨਾਲ ਪ੍ਰਾਰਥਨਾ ਕਰਦੇ ਹਾਂ ਤਾਂ ਇਸਦਾ ਮਤਲਬ ਇਹ ਨਹੀਂ ਕਿ ਇਹ ਪ੍ਰਮੇਸ਼ਵਰ ਦਾ ਸਮਾਂ ਹੈ ਅਤੇ ਇਹ ਉਸਦੀ ਮਰਜ਼ੀ ਅਨੁਸਾਰ ਹੀ ਹੈ। ਕੇਵਲ ਪ੍ਰਮੇਸ਼ਵਰ ਹੀ ਉਸਦੇ ਸਮੇਂ ਨੂੰ ਜਾਣਦਾ ਹੈ। ਅਸੀਂ ਪ੍ਰਮੇਸ਼ਵਰ ਦੀ ਇੱਛਾ ਨੂੰ ਪ੍ਰਾਰਥਨਾ ਅਰ ਉਸਦੇ ਵਚਨ ਦੁਆਰਾ ਜਾਣ ਸਕਦੇ ਹਾਂ ਪਰੰਤੂ ਉਸਦੇ ਸਮੇਂ ਬਾਰੇ ਕੇਵਲ ਓਹੀ ਜਾਣਦਾ ਹੈ। ਅਸੀਂ ਇਹ ਸੋਚ ਕੇ ਪ੍ਰਾਰਥਨਾ ਕਰਨਾ ਬੰਦ ਨਹੀਂ ਕਰ ਸਕਦੇ ਕਿ ਪਵਿੱਤਰ ਆਤਮਾ ਸਾਡੇ ਨਾਲ ਹੈ ਅਤੇ ਉਹ ਸਾਨੂੰ ਪ੍ਰਮੇਸ਼ਵਰ ਦੀ ਇੱਛਾ ਦੱਸੇਗਾ। ਅਸੀਂ ਇਸਨੂੰ ਪ੍ਰਮੇਸ਼ਵਰ ਉੱਤੇ ਨਹੀਂ ਛੱਡ ਸਕਦੇ।

ਰਸੂਲਾਂ ਦੇ ਕਰਤੱਬ 28:8 "ਤਾਂ ਐਉਂ ਹੋਇਆ ਕਿ ਪੁਬਲਿਯੁਸ ਦਾ ਪਿਉ ਤਾਪ ਅਤੇ ਮਰੋੜਾਂ ਨਾਲ ਮਾਂਦਾ ਪਿਆ ਸੀ, ਸੋ ਪੌਲੁਸ ਨੇ ਉਸ ਕੋਲ ਅੰਦਰ ਜਾ ਕੇ ਪ੍ਰਾਰਥਨਾ ਕੀਤੀ ਅਤੇ ਉਸ ਉੱਤੇ ਹੱਥ ਰੱਖ ਕੇ ਉਸਨੂੰ ਚੰਗਾ ਕਰ ਦਿੱਤਾ।"

ਪੌਲੁਸ ਮਾਲਟਾ ਨਾਮਕ ਟਾਪੂ ਤੇ ਸੀ। ਪੁਬਲਿਯੁਸ ਦਾ ਪਿਤਾ ਬਿਮਾਰ ਸੀ ਅਤੇ ਉਸਨੂੰ ਸ਼ਿਫ਼ਾ ਦੀ ਲੋੜ ਸੀ। ਬਾਈਬਲ ਸਪੱਸ਼ਟ ਦੱਸਦੀ ਹੈ ਕਿ ਪੌਲੁਸ ਨੇ ਹੱਥ ਰੱਖਣ ਤੋਂ ਪਹਿਲਾਂ ਪ੍ਰਮੇਸ਼ਵਰ ਅੱਗੇ ਪ੍ਰਾਰਥਨਾ ਕਰਨ ਨੂੰ ਜ਼ਰੂਰੀ ਸਮਝਿਆ। ਬਹੁਤ ਵਾਰ ਇਹ ਗਲਤੀ ਅਸੀਂ ਕਰਦੇ ਹਾਂ ਜਦੋਂ ਅਸੀਂ ਕਿਸੇ ਬਿਮਾਰ ਕੋਲ ਜਾਂਦੇ ਹਾਂ। ਅਸੀਂ ਪ੍ਰਮੇਸ਼ਵਰ ਕੋਲੋਂ ਸਮਝ, ਬੁੱਧੀ, ਦਯਾ ਅਤੇ ਨਿਰਦੇਸ਼ ਲਈ ਪ੍ਰਾਰਥਨਾ ਨਹੀਂ ਕਰਦੇ। ਜਦੋਂ ਅਸੀਂ ਪਹਿਲਾਂ ਪ੍ਰਾਰਥਨਾ ਕਰਦੇ ਹਾਂ ਤਾਂ ਪ੍ਰਮੇਸ਼ਵਰ ਸਾਨੂੰ ਨਿਰਦੇਸ਼ ਦਿੰਦਾ ਹੈ ਕਿ ਚੰਗਾਈ ਦੀ ਸਮਰੱਥ ਕਿੰਝ ਕੰਮ ਕਰੇਗੀ। ਫਿਰ ਪੌਲੁਸ ਵਾਂਗ, ਉਸ ਨਿਸ਼ਚਿਤਤਾ ਨਾਲ ਪ੍ਰਮੇਸ਼ਵਰ ਦੀ ਆਗਿਆ ਅਤੇ ਨਿਰਦੇਸ਼ ਅਨੁਸਾਰ ਅਸੀਂ ਬਿਮਾਰ ਉੱਤੇ ਹੱਥ ਰੱਖ ਸਕਦੇ ਹਾਂ।

1 ਯੂਹੰਨਾ 5:14-15 "ਉਹ ਦੇ ਅੱਗੇ ਜੋ ਸਾਨੂੰ ਦਲੇਰੀ ਹੈ ਸੋ ਇਹ ਹੈ ਭਈ ਜੇ ਅਸੀਂ ਉਹ ਦੀ ਇੱਛਾ ਦੇ ਅਨੁਸਾਰ ਕੁਝ ਮੰਗਦੇ ਹਾਂ ਤਾਂ ਉਹ ਸਾਡੀ ਸੁਣਦਾ ਹੈ। ਅਤੇ ਜੇ ਅਸੀਂ ਜਾਣਦੇ ਹਾਂ ਭਈ ਜੋ ਕੁਝ ਮੰਗਦੇ ਹਾਂ ਉਹ ਸਾਡੀ ਸੁਣਦਾ ਹੈ ਤਾਂ ਇਹ ਵੀ ਜਾਣਦੇ ਹਾਂ ਭਈ ਮੰਗੀਆਂ ਹੋਈਆਂ ਵਸਤਾਂ ਜਿਹੜੀਆਂ ਅਸੀਂ


**Echo of His Call Postal Courses**
ਪੱਤਰ ਵਿਵਹਾਰ ਰਾਹੀਂ ਬਾਈਬਲ ਕੋਰਸ)

**1. BIBLECOR/ਬਾਈਬਲਕੋਰ**

ਅਸੀਂ ਬਾਈਬਲ ਦੀਆਂ ਮੂਲ ਸੱਚਾਈਆਂ ਤੇ ਪੱਤਰ ਵਿਹਾਰ ਰਹੀ ਇਕ ਕੋਰਸ ਪ੍ਰਤਾਵਿਤ ਕਰ ਰਹੇ ਹਾਂ।ਹਿੰਦੀ ਅੰਗਰੇਜੀ ਅਤੇ ਤਾਮਿਲ ਭਾਸ਼ਾ ਵਿੱਚ ਤੁਹਾਨੂੰ ਕਰੀਬ ੭੦ ਪੰਨਿਆਂ ਦੀ '**ਨਵਾਂ ਜੀਵਨ ਤੁਹਾਡੇ ਲਈ**' ਨਾਮ ਦੀ ਇੱਕ ਕੋਰਸ ਦੀ ਕਿਤਾਬ ਦਿੱਤੀ ਜਾਵੇਗੀ।ਕੋਰਸ ਦੇ ਅੰਤ ਵਿੱਚ ਤੁਹਾਨੂੰ ਇੱਕ ਸਰਟੀਫਿਕੇਟ ਦਿੱਤਾ ਜਾਵੇਗਾ।ਫੀਸ ਜਰੂਰੀ ਨਹੀਂ ਹੋਵੇਗੀ।ਇਹ ਕੋਰਸ ਸਿਰਫ ਭਾਰਤ ਲਈ ਉਪਲਬਧ ਹੈ

**2. THEOLOGICAL CORRESPONDENCE COURSE**

ਪਾਦਰੀਆਂ, ਪ੍ਰਚਾਰਕਾਂ ਅਤੇ ਮਸੀਹੀ ਆਗੂਆਂ ਲਈ ਵੀ **Advanced Distance Education** ਕੋਰਸ **Theological Correspondence Course** ਉਪਲਬਧ ਹੈ! ੧੦੦੦/- ਰੁਪਏ ਫੀਸ ਚਾਰਜ ਕੀਤੀ ਜਾਵੇਗੀ। ੧੪੨ ਪਾਠਾਂ ਦੀਆਂ ੭ ਕਿਤਾਬਾਂ ਭੇਜਜਣੀਆਂ ਜਾਣਗੀਆਂ । ਤੁਸੀਂ **Certificate in Ministry** ਪ੍ਰਾਪਤ ਕਰ ਸਕਦੇ ਹੋ!

**ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਲਿਖੋ :**


**The Chairman, Nehemiah Bible College, Echo of His Call**
10, Mohammed Abdullah 2nd Street, Opp. Cricket Stadium,
Chepauk, Chennai - 600 005, India.
**Ph.: (044) 2852 8282, 2852 9293, 2854 7766, Cell : (+91) 98410 71852, 95661 31858 E-mail : biblecor@yahoo.co.in**


**ਸਾਡੇ ਬੈਂਕ ਖਾਤਿਆਂ ਦਾ ਵੇਰਵ,ਕਿਰਪਾ ਕਰਕੇ ਸਾਨੂੰ ਆਪਣੇ ਅਨੁਦਾਨਾਂ ਬਾਰੇ ਸੂਚਨਾ ਜਰੂਰ ਦਿਓ**

**The details of our Bank Accounts are given below. Please inform us the details of your remittances.**

| Bank | Branch | Name | IFSC Code No. | Account Number |
|---|---|---|---|---|
| 1. STATE BANK OF INDIA | Triplicane, Chennai -5 | S. Sam Selva Raj | SBIN 0000249 | 10232934679 |
| 2. ICICI BANK | Anna Salai, Chennai -2 | Echo of His Call | ICIC 0006038 | 6038 05022319 |

## GREAT COMMISSION PARTNERS -ਮਹਾਨ ਆਦੇਸ਼ ਸਹਿਭਾਗੀ

TO SHARE (Galatians 6:2), SUPPORT (Romans 12:13) & SPEEDUP (II Timothy 1:6)
ਵੰਡਣਾ (ਗਲਾਤੀਆਂ ੬:੨), ਸਹਾਇਤਾ ਕਰਨਾ(ਰੋਮੀਆਂ ੧੨:੧੩) ਅਤੇ ਤੇਜੀ ਕਰਨਾ (੨ਤਿਮੋਥੀਅਸ ੧:੬)

### ਪ੍ਰਾਰਥਨਾ ਅਤੇ ਵਡਿਆਈ ਦੇ ਮੁੱਦੇ

## 19 ਜਨਵਰੀ 2020 ਤੋਂ 18 ਫਰਵਰੀ 2020 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

### ਪ੍ਰਮੇਸ਼ਵਰ ਕੰਮ ਕਰ ਰਿਹਾ ਹੈ!
### ਵਡਿਆਈ ਦੇ ਮੁੱਦੇ

19 ਜਨਵਰੀ: ਪ੍ਰਮੇਸ਼ਵਰ ਨੇ ਸਾਡੀ ਨਵੇਂ ਸਾਲ ਦੀ ਪੂਰੀ ਰਾਤ ਦੀ ਸਭਾ ਨੂੰ ਬਰਕਤ ਦਿੱਤੀ।

20 ਜਨਵਰੀ: ਪ੍ਰਮੇਸ਼ਵਰ ਸੰਸਾਰ ਬੇਦਾਰੀ ਲਈ 100 ਪ੍ਰਾਰਥਨਾ ਯੋਧੇ ਨਾਮਕ ਸੇਵਕਾਈ ਨੂੰ ਬਰਕਤ ਦੇ ਰਿਹਾ ਹੈ।

21 ਜਨਵਰੀ: ਸਾਨੂੰ ਸਾਡੇ ਮਿਸ਼ਨ ਖੇਤਰਾਂ ਵਿੱਚੋਂ ਚੰਗੀਆਂ ਖ਼ਬਰਾਂ ਮਿਲ ਰਹੀਆਂ ਹਨ।

22 ਜਨਵਰੀ: ਪ੍ਰਮੇਸ਼ਵਰ ਨੇ ਸਾਡੇ ਜ਼ਿਆਦਾਤਰ ਬਕਾਇਆ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਸਾਡੀ ਮਦਦ ਕੀਤੀ।

23 ਜਨਵਰੀ: ਸਾਡੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਦੇ ਅਧਿਆਪਕਾਂ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

24 ਜਨਵਰੀ: ਪ੍ਰਮੇਸ਼ਵਰ ਨੇ ਸਾਡੇ 16 ਭਾਸ਼ਾਵਾਂ ਵਿੱਚ ਛਪਦੇ ਸੁਸਮਾਚਾਰ ਸਾਹਿਤ ਨੂੰ ਅਸੀਸ ਦੇ ਕੇ ਮਿਸ਼ਨ ਖੇਤਰਾਂ ਵਿੱਚ ਭੇਜਿਆ।

25 ਜਨਵਰੀ: ਅਸੀਂ ਸਾਡੇ ਬਾਈਬਲਕੋਰਬਾਈਬਲ ਪੱਤਰਵਿਹਾਰ ਕੋਰਸ ਅਤੇ ਥਿਆਲੋਜੀਕਲ ਪੱਤਰ ਵਿਹਾਰ ਕੋਰਸਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

26 ਜਨਵਰੀ: ਅਸੀਂ ਸਾਡੇ ਸਭ ਸਹਾਇਕ ਸੰਪਾਦਕਾਂ ਅਰ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਮੇਸ਼ਵਰ ਦਾ ਸ਼ੁਕਰ ਕਰੀਏ।

27 ਜਨਵਰੀ: ਅਸੀਂ ਸਾਡੇ ਨਹਮਯਾਹ ਬਾਈਬਲ ਕਾਲਜਾਂ ਦੇ ਲੈਕਚਰਰਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

28 ਜਨਵਰੀ: ਅਸੀਂ ਸਾਡੇ ਪ੍ਰਾਰਥਨਾ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ, ਜੀਵਨ ਸਹਿਭਾਗੀਆਂ, ਸਬਸਕ੍ਰਾਈਬ ਸਹਿਭਾਗੀਆਂ, ਮਹਾਂਆਦੇਸ਼ ਸਹਿਭਾਗੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ।

29 ਜਨਵਰੀ: ਪ੍ਰਮੇਸ਼ਵਰ ਨੇ ਸਾਡੇ ਨਹਮਯਾਹ ਬਾਈਬਲ ਕਾਲਜਾਂ ਦੀਆਂ ਸਭ ਗਤੀਵਿਧੀਆਂ ਨੂੰ ਬਰਕਤ ਦਿੱਤੀ।

30 ਜਨਵਰੀ: ਪ੍ਰਮੇਸ਼ਵਰ ਨੇ ਸਾਡੀਆਂ ਸਭ ਮਿਸ਼ਨ ਯਾਤਰਾਵਾਂ ਨੂੰ ਅਸੀਸ ਦਿੱਤੀ।

31 ਜਨਵਰੀ: ਅਸੀਂ ਸਾਡੇ ਸਭ ਰਾਜਾਂ ਦੇ ਸਹਿ-ਸੰਚਾਲਕਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

01 ਫਰਵਰੀ: ਪ੍ਰਮੇਸ਼ਵਰ ਨੇ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਪਿਛਲੇ ਮਹੀਨੇ ਦੀਆਂ ਸਭ ਗਤੀਵਿਧੀਆਂ ਨੂੰ ਬਰਕਤ ਦਿੱਤੀ।

02 ਫਰਵਰੀ: ਪ੍ਰਭੂ ਸਾਡੇ ਮੁੱਖ ਪਾਸਟਰ ਐੱਸ. ਸੈਮ ਸੇਲਵਾ ਰਾਜ ਅਤੇ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖ ਰਿਹਾ ਹੈ।

03 ਫਰਵਰੀ: ਪ੍ਰਮੇਸ਼ਵਰ ਪਿਛਲੇ ਮਹੀਨੇ ਸਾਡੀ ਕਲੀਸਿਆ ਵਿੱਚ ਨਵੀਆਂ ਰੂਹਾਂ ਨੂੰ ਲੈ ਕੇ ਆਇਆ।

### ਪ੍ਰਾਰਥਨਾ ਦੇ ਮੁੱਦੇ

04 ਫਰਵਰੀ: ਪ੍ਰਮੇਸ਼ਵਰ ਸਾਲ 2020 ਵਿੱਚ ਬੁਲਾਵੇ ਦੀ ਗੂੰਜ ਸੇਵਕਾਈਆਂ ਲਈ ਲੋੜੀਂਦੀ ਧਨ ਰਾਸ਼ੀ ਮੁਹੱਈਆ ਕਰੇ।

05 ਫਰਵਰੀ: ਪ੍ਰਮੇਸ਼ਵਰ ਸਾਡੇ ਉਨ੍ਹਾਂ ਮਿੱਤਰਾਂ ਨੂੰ ਬਰਕਤ ਦੇਵੇ ਜਿਨ੍ਹਾਂ 2019 ਵਿੱਚ ਸਾਡੇ ਮਿਸ਼ਨ ਖੇਤਰਾਂ ਦਾ ਦੌਰਾ ਕੀਤਾ।

06 ਫਰਵਰੀ: ਪ੍ਰਮੇਸ਼ਵਰ ਤੁਹਾਨੂੰ ਸਭ ਨੂੰ ਸਾਲ 2020 ਵਿੱਚ ਬਰਕਤ ਦੇਵੇ।

07 ਫਰਵਰੀ: ਪ੍ਰਮੇਸ਼ਵਰ ਨਸ਼ੇ ਦੇ ਜਕੜਿਆਂ ਨੂੰ ਅਜ਼ਾਦ ਕਰੇ।

08 ਫਰਵਰੀ: ਸਾਰੀਆਂ ਕਲੀਸਿਆਵਾਂ ਅਰ ਸੰਸਥਾਵਾਂ ਦੇ ਲੋਕ ਮਿਲ ਕੇ ਪਿਆਰ ਨਾਲ ਰਹਿਣ।

09 ਫਰਵਰੀ: ਅਸੀਂ ਉਨ੍ਹਾਂ ਲਈ ਪ੍ਰਾਰਥਨਾ ਕਰੀਏ ਜਿਹੜੇ ਬੁਲਾਵੇ ਦੀ ਗੂੰਜ ਸੇਵਕਾਈਆਂ ਲਈ ਦੁਆ ਅਰ ਮਦਦ ਕਰਦੇ ਹਨ।

10 ਫਰਵਰੀ: ਪ੍ਰਮੇਸ਼ਵਰ ਉਸ ਰੌਲੇ ਰੱਪੇ ਨੂੰ ਬੰਦ ਕਰੇ ਜਿਹੜਾ ਰਾਤ ਵੇਲੇ ਮੂਰਤੀਆਂ ਦੀ ਪੂਜਾ ਦੌਰਾਨ ਪੈਂਦਾ ਹੈ।

11 ਫਰਵਰੀ: ਅਸੀਂ ਉੱਤਰ ਭਾਰਤ ਦੇ ਮਿਸ਼ਨਰੀਆਂ ਦੀ ਸੁਰੱਖਿਆ ਅਤੇ ਪ੍ਰਮੇਸ਼ਵਰ ਦੀ ਅਗਵਾਈ ਲਈ ਦੁਆ ਕਰੀਏ।

12 ਫਰਵਰੀ: ਪ੍ਰਮੇਸ਼ਵਰ ਸਾਡੇ ਨਹਮਯਾਹ ਬਾਈਬਲ ਕਾਲਜਾਂ ਲਈ ਸਾਲ 2020-21 ਵਿੱਚ ਲੋੜੀਂਦੇ ਵਿਦਿਆਰਥੀ ਦੇਵੇ।

13 ਫਰਵਰੀ: ਸਾਨੂੰ ਸਾਡੇ ਸੁਸਮਾਚਾਰ ਛਾਪੇਖਾਨੇ ਲਈ ਪ੍ਰਮੇਸ਼ਵਰ ਦੀ ਅਗਵਾਈ ਦੀ ਲੋੜ ਹੈ।

14 ਫਰਵਰੀ: ਸੰਸਾਰ ਭਰ ਦੀਆਂ ਰਾਜਨੀਤਕ ਪਾਰਟੀਆਂ ਅਤੇ ਨੇਤਾਵਾਂ ਲਈ ਪ੍ਰਾਰਥਨਾ ਕਰੀਏ।

15 ਫਰਵਰੀ: ਪ੍ਰਮੇਸ਼ਵਰ ਸਮੁੱਚੇ ਸੰਸਾਰ ਵਿੱਚ ਆਪਣੀ ਸ਼ਾਂਤੀ ਭੇਜੇ।

16 ਫਰਵਰੀ: ਸਾਡੇ ਚਰਚਾਂ, ਪ੍ਰਕਾਸ਼ਨਾਂ, ਸਕੂਲਾਂ, ਬਾਈਬਲ ਕਾਲਜਾਂ, ਛਾਪੇਖਾਨੇ ਅਤੇ ਪ੍ਰਬੰਧਕੀ ਕਾਰਜਾਂ ਵਿੱਚ ਲੱਗੇ ਸਹਿਕਰਮੀਆਂ ਉੱਪਰ ਨਵੇਂ ਮਸਹ ਦੇ ਲਈ ਪ੍ਰਾਰਥਨਾ ਕਰੀਏ।

17 ਫਰਵਰੀ: ਨੇਪਾਲ, ਪਾਕਿਸਤਾਨ, ਬੰਗਲਾਦੇਸ਼ ਆਦਿ ਗਵਾਂਢੀ ਦੇਸ਼ਾਂ ਲਈ ਪ੍ਰਾਰਥਨਾ ਕਰੀਏ।

18 ਫਰਵਰੀ: ਪ੍ਰਮੇਸ਼ਵਰ ਲਗਾਤਾਰ ਸਾਡੇ ਮੁੱਖ ਪਾਸਟਰ ਐੱਸ. ਸੈਮ ਸੇਲਵਾ ਰਾਜ ਅਤੇ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖੇ।

(ਚਲਦਾ ਸਫਾ 4 ਤੋਂ)
ਉਸਤੋਂ ਮੰਗੀਆਂ ਹਨ ਉਹ ਸਾਨੂੰ ਪ੍ਰਾਪਤ ਹੋ ਜਾਂਦੀਆਂ ਹਨ"।

ਜਦੋਂ ਅਸੀਂ ਉਸਦੀ ਇੱਛਾ ਨੂੰ ਪੂਰਾ ਕਰਦੇ ਹਾਂ ਤਾਂ ਉਸਦੀ ਸਮਰੱਥ ਸਾਡੇ ਲਈ ਆਉਂਦੀ ਹੈ। ਯਿਸੂ ਸਾਡੇ ਲਈ ਉਦਾਹਰਨ ਹੈ। ਉਹ ਪ੍ਰਮੇਸ਼ਵਰ ਹੈ ਅਰ ਆਪਣੀ ਇੱਛਾ ਅਨੁਸਾਰ ਸਭ ਕੁਝ ਕਰ ਸਕਦਾ ਹੈ। ਪਰੰਤੂ ਅਸੀਂ ਪੜ੍ਹਦੇ ਹਾਂ ਕਿ ਕੁਝ ਵੀ ਕਰਨ ਤੋਂ ਪਹਿਲਾਂ ਉਸਨੇ ਹਮੇਸ਼ਾ ਪਿਤਾ ਦੀ ਇੱਛਾ ਨੂੰ ਜਾਣਿਆ। ਜਦੋਂ ਅਸੀਂ ਪ੍ਰਮੇਸ਼ਵਰ ਦੀ ਇੱਛਾ ਨੂੰ ਜਾਣ ਜਾਂਦੇ ਹਾਂ ਤਾਂ ਫਿਰ ਸਾਨੂੰ ਪਤਾ ਚੱਲਦਾ ਹੈ ਕਿ ਪ੍ਰਾਰਥਨਾ ਕਿੰਝ ਕਰਨੀ ਹੈ। ਤਦ ਹੀ ਸਾਨੂੰ ਸਾਡੀਆਂ ਪ੍ਰਾਰਥਨਾਵਾਂ ਦਾ ਉੱਤਰ ਮਿਲਦਾ ਹੈ। ਜਦੋਂ ਅਸੀਂ ਪ੍ਰਮੇਸ਼ਵਰ ਦੀ ਇੱਛਾ ਨੂੰ ਜਾਣ ਕੇ ਉਸਦੇ ਅਧੀਨ ਹੋ ਜਾਂਦੇ ਹਾਂ ਤਦ ਅਸੀਂ ਆਪਣੀਆਂ ਲੋੜਾਂ ਅਨੁਸਾਰ ਨਹੀਂ ਬਲਕਿ ਉਸਦੀ ਇੱਛਾ ਅਨੁਸਾਰ ਪ੍ਰਾਰਥਨਾ ਕਰਦੇ ਹਾਂ।

ਰੋਮੀਆਂ 8:26-27 "ਇਸ ਤਰਾਂ ਆਤਮਾ ਵੀ ਸਾਡੀ ਦੁਰਬਲਤਾਈ ਵਿੱਚ ਸਾਡੀ ਸਹਾਇਤਾ ਕਰਦਾ ਹੈ ਕਿਉਂ ਜੋ ਕਿਸ ਵਸਤ ਲਈ ਸਾਨੂਮ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਸੀਂ ਨਹੀਂ ਜਾਣਦੇ ਪਰ ਆਤਮਾ ਆਪ ਅਕੱਥ ਹਉਕੇ ਭਰਕੇ ਸਾਡੇ ਲਈ ਸਫ਼ਾਰਸ਼ ਕਰਦਾ ਹੈ। ਅਤੇ ਦਿਲਾਂ ਨੂੰ ਜਾਣਚ ਵਾਲਾ ਜਾਣਦਾ ਹੈ ਭਈ ਆਤਮਾ ਦੀ ਕੀ ਮਨਸ਼ਾ ਹੈ ਕਿਉਂਕਿ ਉਹ ਪ੍ਰਮੇਸ਼ਵਰ ਦੀ ਇੱਛਾ ਦੇ ਅਨੁਸਾਰ ਸੰਤਾਂ ਦੇ ਲਈ ਸਫ਼ਾਰਸ਼ ਕਰਦਾ ਹੈ"।

ਅਸੀਂ ਨਹੀਂ ਜਾਣਦੇ ਕਿ ਪ੍ਰਮੇਸ਼ਵਰ ਦੀ ਇੱਛਾ ਅਨੁਸਾਰ ਕੀ ਪ੍ਰਾਰਥਨਾ ਕਰਨੀ ਹੈ। ਇਹ ਸਾਡੇ ਅੰਦਰਲਾ ਪਵਿੱਤਰ ਆਤਮਾ ਹੈ ਜਿਹੜਾ ਸਾਡੀਆਂ ਪ੍ਰਾਰਥਨਾਵਾਂ ਨੂੰ ਮਸਹ ਕਰਦਾ ਹੈ ਕਿ ਉਹ ਪ੍ਰਮੇਸ਼ਵਰ ਦੀ ਮਰਜ਼ੀ ਅਨੁਸਾਰ ਹੋਣ। ਜਦੋਂ ਅਸੀਂ ਪਵਿੱਤਰ ਆਤਮਾ ਨੂੰ ਬੁਲਾਉਂਦੇ ਹਾਂ ਕਿ ਉਹ ਪ੍ਰਾਰਥਨਾ ਵਿੱਚ ਸਾਡੀ ਮਦਦ ਕਰੇ ਤਾਂ ਅਸੀਂ ਪ੍ਰਮੇਸ਼ਵਰ ਅਤੇ ਆਪਣੇ ਵਿਚਕਾਰ ਗੱਲਬਾਤ ਦਾ ਰਾਹ ਤਿਆਰ ਕਰਦੇ ਹਾਂ। ਇਸੇ ਲਈ ਪਵਿੱਤਰ ਆਤਮਾ ਸਾਨੂੰ ਦਿੱਤਾ ਗਿਆ ਹੈ।

ਯੂਹੰਨਾ 14:26 "ਪਰ ਉਹ ਸਹਾਇਕ ਅਰਥਾਤ ਪਵਿੱਤਰ ਆਤਮਾ ਜਿਹ ਨੂੰ ਪਿਤਾ ਮੇਰੇ ਨਾਮ ਉੱਤੇ ਘੱਲੇਗਾ ਹੋ ਤੁਹਾਨੂੰ ਸਭ ਕੁਝ ਸਿਖਾਵੇਗਾ ਅਤੇ ਸੱਭੋ ਕੁਝ ਜੋ ਮੈਂ ਤੁਹਾਨੂੰ ਆਖਿਆ ਹੈ ਤੁਹਾਨੂੰ ਚੇਤੇ ਕਰਾਵੇਗਾ"।

ਯੂਹੰਨਾ 16:13-15 "ਪਰ ਜਦ ਉਹ ਅਰਥਾਤ ਸੱਚਾਈ ਦਾ ਆਤਮਾ ਆਵੇ ਤਦ ਉਹ ਸਾਰੀ ਸੱਚਾਈ ਵਿੱਚ ਤੁਹਾਡੀ ਅਗਵਾਈ ਕਰੇਗਾ ਕਿਉਂ ਜੋ ਉਹ ਆਪਣੀ ਵੱਲੋਂ ਨਾ ਕਹੇਗਾ ਪਰ ਜੋ ਕੁਝ ਸੁਣੇਗਾ ਓਹੀ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ; ਉਹ ਮੇਰੀ ਵਡਿਆਈ ਕਰੇਗਾ ਕਿਉਂ ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲਵੇਗਾ ਅਤੇ ਤੁਹਾਨੂੰ ਦੱਸੇਗਾ; ਸਭ ਕੁਝ ਜੋ ਪਿਤਾ ਦਾ ਹੈ ਸੋ ਮੇਰਾ ਹੈ, ਇਸੇ ਕਰਕੇ ਮੈਂ ਆਖਿਆ ਕਿ ਉਹ ਮੇਰੀਆਂ ਗੱਲਾਂ ਵਿੱਚੋਂ ਲੈ ਕੇ ਤੁਹਾਨੂੰ ਦੱਸੇਗਾ"।

ਪ੍ਰਾਰਥਨਾ ਸ਼ੁਰੂ ਕਰਨ ਤੋਂ ਪਹਿਲਾਂ ਹੀ ਸਾਨੂੰ ਪਵਿੱਤਰ ਆਤਮਾ ਨੂੰ ਪੁਕਾਰ ਕੇ ਪ੍ਰਮੇਸ਼ਵਰ ਦੀ ਇੱਛਾ ਪੁੱਛਣੀ ਚਾਹੀਦੀ ਹੈ। ਉਹ ਸਿੱਧਾ ਰੂਹ ਵਿੱਚ ਵੀ ਸਾਨੂੰ ਦਾਸ ਸਕਦਾ ਹੈ (ਕਰਤੱਬ 11:12), ਦਰਸ਼ਨ ਵਿੱਚ ਵੀ ਦਾਸ ਸਕਦਾ ਹੈ (ਕਰਤੱਬ 10:9-18), ਸਪੱਸ਼ਟ ਅਵਾਜ਼ ਵਿੱਚ ਵੀ ਬੋਲ ਸਕਦਾ ਹੈ (ਕਰਤੱਬ 9:4-5), ਸੁਪਨੇ ਰਾਹੀਂ ਵੀ ਦੱਸ ਸਕਦਾ ਹੈ (ਮੱਤੀ 1:20-21), ਪਵਿੱਤਰ ਆਤਮਾ ਦੇ ਬੋਝ ਵੱਜੋਂ ਵੀ ਦੱਸ ਸਕਦਾ ਹੈ (ਰੋਮੀਆਂ 8:26), ਜਾਂ ਨਬੂਵਤ ਵੱਜੋਂ (1 ਕੁਰਿੰਥੀਆਂ 14:3), ਜਾਂ ਕਿਸੇ ਹੋਰ ਵਿਅਕਤੀ ਦੁਆਰਾ ਦੱਸ ਸਕਦਾ ਹੈ (ਕਰਤੱਬ 15:28) ਜਾਂ ਸਾਨੂੰ ਪ੍ਰਮੇਸ਼ਵਰ ਦੇ ਵਚਨ ਰਾਹੀਂ ਦੱਸ ਸਕਦਾ ਹੈ (2 ਤਿਮੋਥਿਉਸ 3:15-16)। ਇਹ ਮਹੱਤਵ ਨਹੀਂ ਰੱਖਦਾ ਕਿ ਇਹ ਕਿੰਝ ਹੁੰਦਾ ਹੈ ਪਰ ਅਸੀਂ ਪ੍ਰਮੇਸ਼ਵਰ ਦੇ ਰੂਹ ਨਾਲ ਇਹ ਕਰਨਾ ਹੈ। ਜਦੋਂ ਪਵਿੱਤਰ ਆਤਮਾ ਨਾਲ ਕੀਤੀ ਜਾਵੇ ਤਾਂ ਸਾਡੀ ਪ੍ਰਾਰਥਨਾ ਅੱਤ ਸਮਰੱਥੀ ਹੋ ਜਾਂਦੀ ਹੈ।

ਜੇਕਰ ਪ੍ਰਮੇਸ਼ਵਰ ਕਿਸੇ ਮਨੁੱਖ ਨੂੰ ਪਵਿੱਤਰ ਅਤੇ ਵਿਸ਼ਵਾਸਯੋਗ ਬਣਾਉਣ ਲਈ ਬਿਮਾਰੀ ਜਾਂ ਤਕਲੀਫ਼ ਦੁਆਰਾ ਕੰਮ ਕਰਦਾ ਹੈ ਤਾਂ ਸਾਨੂੰ ਉਸ ਮਨੁੱਖ ਦੀ ਸੰਪੂਰਨਤਾ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿਉਂਕਿ ਜਦੋਂ ਉਹ ਮਨੁੱਖ ਵੈਸਾ ਬਣ ਗਿਆ ਜੈਸਾ ਪ੍ਰਮੇਸ਼ਵਰ ਚਾਹੁੰਦਾ ਹੈ ਤਾਂ ਉਹ ਚੰਗਾ ਹੋ ਜਾਵੇਗਾ। ਚੰਗਾ ਕਰਨ ਦਾ ਕੰਮ


## ਲੋੜ ਹੈ!

ਅੰਗ੍ਰੇਜ਼ੀ, ਤਾਮਿਲ, ਮਲਿਆਲਮ, ਤੇਲਗੂ, ਹਿੰਦੀ ਕੰਨੜਾ, ਮਰਾਠੀ, ਬੰਗਾਲੀ, ਅਸਾਮੀ, ਉਰਦੂ, ਗੁਜਰਾਤੀ, ਨੇਪਾਲੀ, ਉੜੀਆ, ਪੰਜਾਬੀ, ਸਿੰਹਾਲਾ, ਅਫ਼ਰੀਕਨ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਹੋਣ ਵਾਲੀ ਬੁਲਾਵੇ ਦੀ ਗੂੰਜ ਨਿਮਲਿਖਿਤ ਅਸਾਮੀਆਂ ਲਈ ਲੋੜ ਹੈ:

1. ਪ੍ਰਬੰਧਕੀ ਕਾਰਜਕਾਰੀ
2. ਲੇਖਕ (ਆਤਮਿਕ ਸੰਦੇਸ਼ ਅਰ ਆਰਟੀਕਲ ਲਿਖਣ ਵਾਲੇ)
3. ਕਲੀਸਿਆਵਾਂ ਵਿੱਚ ਅਨੁਵਾਦਕ (ਸਭ ਭਾਰਤੀ ਭਾਸ਼ਾਵਾਂ ਵਿੱਚ)
4. ਸਭ ਭਾਰਤੀ ਭਾਸ਼ਾਵਾਂ ਵਿੱਚ ਕਿਤਾਬਾਂ ਦੇ ਅਨੁਵਾਦਕ
5. ਮੁੱਖ ਦਫ਼ਤਰ ਲਈ ਸਹਾਇਕ ਸੰਪਾਦਕ
6. ਛਾਪੇਖਾਨੇ ਵਿੱਚ ਕੰਮ ਕਰਨ ਵਾਲੇ ਕਰਮਚਾਰੀ
7. ਡ੍ਰਾਈਵਰ
8. ਸਕੂਲ ਅਧਿਆਪਕ
9. ਸਕੂਲਾਂ ਲਈ ਉੱਪ-ਮੁੱਖ-ਅਧਿਆਪਕ
10. ਬਾਈਬਲ ਕਾਲਜਾਂ ਲਈ ਲੈਕਚਰਰ
11. ਕੰਪਿਊਟਰ ਟਾਈਪਿੰਗ ਅਤੇ ਡੀ.ਟੀ.ਪੀ. ਆਦਿ ਦਾ ਕੰਮ ਕਰਨ ਲਈ ਦਫ਼ਤਰੀ ਸਟਾਫ

ਸਾਨੂੰ ਪੂਰੇ ਸਮਰਪਿਤ ਕਰਮਚਾਰੀਆਂ ਦੀ ਲੋੜ ਹੈ। ਅਸੀਂ ਚੰਗੀ ਤਨਖਾਹ ਦੇਵਾਂਗੇ। ਕਿਰਪਾ ਕਰਕੇ ਆਪਣਾ cv / bio-data ਸਾਡੇ ਦਫਤਰ ਵਿੱਚ ਡਾਕ ਰਾਹੀਂ ਜਾਂ ਈਮੇਲ ਰਾਹੀਂ ਭੇਜੋ: ਈਮੇਲ: sam@echoofhiscall.org ਵੱਟਸਐਪ ਨੰ:. +91 98410 71858; ਨਾਲ ਹੀ ਦੱਸੋ ਕਿ ਕਿੰਨੀ ਤਨਖਾਹ ਦੀ ਉਮੀਦ ਕਰਦੇ ਹੋ।

ਪਾਸਟਰ ਐੱਸ. ਸੈਮ ਸੇਲਵਾ ਰਾਜ
ਸੰਪਾਦਕ ਅਤੇ ਪ੍ਰਕਾਸ਼ਕ
ਬੁਲਾਵੇ ਦੀ ਗੂੰਜ

ਫਿਰ ਵੀ ਪ੍ਰਮੇਸ਼ਵਰ ਦਾ ਹੀ ਹੈ। ਅਸੀਂ ਬਾਈਬਲ ਅਨੁਸਾਰ ਹਰੇਕ ਉਸ ਲੋੜ ਲਈ ਪ੍ਰਾਰਥਨਾ ਕਰ ਸਕਦੇ ਹਾਂ ਜੋ ਜਾਇਜ਼ ਹੈ।ਪ੍ਰਮੇਸ਼ਵਰ ਹੀ ਉੱਤਰ ਦਿੰਦਾ ਹੈ ਅਤੇ ਉਹ ਇਹ ਵੀ ਜ਼ਾਹਿਰ ਕਰਦਾ ਹੈ ਕਿ ਉਹ ਕਦੋਂ ਉਸ ਮਨੁੱਖ ਨੂੰ ਸ਼ਿਫ਼ਾ ਦੇਵੇਗਾ, ਜਾਂ ਦੇਵੇਗਾ ਜਾਂ ਨਹੀਂ। ਜੇਕਰ ਚੰਗਾਈ ਉਸਦੀ ਯੋਜਨਾ ਅਤੇ ਉਦੇਸ਼ ਵਿੱਚ ਹੈ ਤਾਂ ਉਹ ਜ਼ਰੂਰ ਚੰਗਾ ਕਰੇਗਾ।

ਜਾਇਜ਼ ਲੋੜ ਕਿਹੜੀ ਹੈ? ਅਸੀਂ ਇਹ ਨਿਹਚਾ ਕਰਨੀ ਹੈ ਕਿ ਪ੍ਰਮੇਸ਼ਵਰ ਸਾਡਾ ਸਵਰਗੀ ਪਿਤਾ ਹੈ ਅਤੇ ਉਹ ਕੋਈ ਵੀ ਅਜਿਹੀ ਚੀਜ਼ ਜਿਹੜੀ ਸਾਡੇ ਭਲੇ ਅਤੇ ਵਾਧੇ ਦੀ ਹੈ ਸਾਥੋਂ ਨਹੀਂ ਰੋਕੇਗਾ। ਜਦੋਂ ਮੇਰੇ ਬੱਚੇ ਆਪਣੀਆਂ ਲੋੜਾਂ ਲੈ ਕੇ ਮੇਰੇ ਕੋਲ ਆਉਂਦੇ ਹਨ ਤਾਂ ਕਈ ਵਾਰ ਮੈਂ ਉਸ ਚੀਜ਼ ਦੀ ਉਨ੍ਹਾਂ ਲਈ ਉਨੀਂ ਲੋੜ ਨਹੀਂ ਸਮਝਦਾ ਜਿੰਨੀ ਉਹ ਸਮਝਦੇ ਹਨ। ਇਹ ਗੱਲ ਮੈਨੂੰ ਇੱਕ ਬੁਰਾ ਪਿਤਾ ਨਹੀਂ ਬਣਾਉਂਦੀ ਬਲਕਿ ਮੈਂ ਉਨ੍ਹਾਂ ਤੋਂ ਵੱਧ ਜਾਣਦਾ ਹਾਂ ਅਤੇ ਇਹ ਵੀ ਜਾਣਦਾ ਹਾਂ ਕਿ ਉਨ੍ਹਾਂ ਲਈ ਕੀ ਭਲਾ ਹੈ ਅਤੇ ਕਿਹੜੀ ਚੀਜ਼ ਉਨ੍ਹਾਂ ਲਈ ਨੁਕਸਾਨਦਾਇਕ ਹੋਵੇਗੀ। ਮੇਰੇ ਦੁਆਰਾ ਉਨ੍ਹਾਂ ਦੀਆਂ ਬੇਨਤੀਆਂ ਨੂੰ ਸਵੀਕਾਰ ਕਰਨ ਦਾ ਉਦੇਸ਼ ਕੇਵਲ ਉਨ੍ਹਾਂ ਨੂੰ ਖੁਸ਼ ਕਰਨਾ ਹੀ ਨਹੀਂ ਬਲਕਿ ਇਹ ਵੇਖਣਾ ਹੁੰਦਾ ਹੈ ਕਿ ਕਿਸ ਗੱਲ ਵਿੱਚ ਉਨ੍ਹਾਂ ਦਾ ਵਾਧਾ ਅਤੇ ਤਰੱਕੀ ਹੋਵੇਗੀ ਅਤੇ ਉਹ ਬੁਰੇ ਮਾਰਗ ਤੋਂ ਬਚੇ ਰਹਿਣਗੇ। ਅਸੀਂ ਅਕਸਰ ਇਹ ਆਖਦੇ ਹਾਂ, "ਤੁਹਾਡੇ ਤੋਂ ਵੱਧ ਇਸ ਨਾਲ ਮੈਨੂੰ ਦੁੱਖ ਹੁੰਦਾ ਹੈ!" ਕਿਉਂਕਿ ਕਈ ਵਾਰ ਸਾਡੇ ਬੱਚੇ ਰੋਂਦੇ ਹਨ, ਕਈ ਵਾਰ ਦੁਖੀ ਵੀ ਹੁੰਦੇ ਹਨ ਪਰ ਅਸੀਂ ਉਨ੍ਹਾਂ ਦਾ ਵਾਧਾ ਅਰ ਤਰੱਕੀ ਚਾਹੁੰਦੇ ਹਾਂ।

ਜ਼ਬੂਰ 84:11 "ਯਹੋਵਾਹ ਪ੍ਰਮੇਸ਼ਵਰ ਇੱਕ ਸੂਰਜ ਤੇ ਇੱਕ ਢਾਲ ਹੈ, ਯਹੋਵਾਹ ਦਯਾ ਅਤੇ ਤੇਜ ਦੇਵੇਗਾ, ਉਹ ਸਿਧਿਆਈ ਵਿੱਚ ਚੱਲਣ ਵਾਲਿਆਂ ਤੋਂ ਕੋਈ ਚੰਗੀ ਚੀਜ਼ ਨਾ ਰੋਕੇਗਾ"।

ਜੇਕਰ ਪ੍ਰਮੇਸ਼ਵਰ ਅਨੁਸਾਰ ਚੰਗਾਈ ਸਾਡੇ ਲਈ ਭਲੀ ਹੈ ਤਾਂ ਉਹ ਆਪਣੇ ਪਿਆਰੇ ਬੱਚਿਆਂ ਤੋਂ ਉਸਨੂੰ ਨਹੀਂ ਰੋਕੇਗਾ। ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ ਤਾਂ ਅਸੀਂ ਇਸ ਗੱਲ ਨੂੰ ਸਵੀਕਾਰਨਾ ਹੈ ਕਿ ਪ੍ਰਮੇਸ਼ਵਰ ਸਾਨੂੰ ਪਿਆਰ ਕਰਦਾ, ਸਾਡੀ ਚਿੰਤਾ ਕਰਦਾ, ਸਾਡਾ ਭਲਾ ਕਰਦਾ ਅਤੇ ਕੋਈ ਵੀ ਚੰਗੀ ਚੀਜ਼ ਸਾਥੋਂ ਨਹੀਂ ਰੋਕਦਾ ਹੈ।ਪ੍ਰਮੇਸ਼ਵਰ ਚੰਗਾ ਕਰਨ ਵਾਲਾ ਹੈ ਅਤੇ ਉਸਨੇ ਚੰਗਾਈ ਦੀ ਸੇਵਕਾਈ ਕਦੇ ਬੰਦ ਨਹੀਂ ਕੀਤੀ।

ਫ਼ਿਲਿੱਪੀਆਂ 4:6-7 "ਕਿਸੇ ਗੱਲ ਦੀ ਚਿੰਤਾ ਨਾ ਕਰੋ ਸਗੋਂ ਹਰ ਗੱਲ ਵਿੱਚ ਤੁਹਾਡੀਆਂ ਅਰਦਾਸਾਂ ਪ੍ਰਾਰਥਨਾ ਅਤੇ ਬੇਨਤੀ ਨਾਲ ਧੰਨਵਾਦ ਸਣੇ ਪ੍ਰਮੇਸ਼ਵਰ ਦੇ ਅੱਗੇ ਕੀਤੀਆਂ ਜਾਣ ਅਤੇ ਪ੍ਰਮੇਸ਼ਵਰ ਦੀ ਸ਼ਾਂਤੀ ਜੋ ਸਾਰੀ ਸਮਝ ਤੋਂ ਪਰੇ ਹੈ ਮਸੀਹ ਯਿਸੂ ਵਿੱਚ ਤੁਹਾਡੀਆਂ ਸੋਚਾਂ ਅਤੇ ਮਨਾਂ ਦੀ ਰਾਖੀ ਕਰੇ"।

ਮੱਤੀ 21:22 "ਅਤੇ ਸਭ ਕੁਝ ਜੋ ਤੁਸੀਂ ਨਿਹਚਾ ਕਰਕੇ ਪ੍ਰਾਰਥਨਾ ਵਿੱਚ ਮੰਗੋ ਸੋ ਤੁਸੀਂ ਪਾਓਗੇ"। ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ ਤਾਂ ਅਸੀਂ ਇਹ ਨਿਹਚਾ ਵੀ ਕਰਨੀ ਹੈ ਕਿ ਉਹ ਹੋ ਚੁੱਕਾ ਹੈ। ਜੋ ਕੁਝ ਵੀ ਅਸੀਂ ਮੰਗਦੇ ਹਾਂ, ਨਿਹਚਾ ਨਾਲ, ਉਸਦੀ ਘੋਸ਼ਣਾ ਵੀ ਕਰਨੀ ਹੈ ਕਿ ਉਹ ਮਿਲ ਗਿਆ। ਅਸੀਂ ਉਸੇ ਵੇਲੇ ਆਪਣੀ ਚੰਗਾਈ ਹਾਸਲ ਕਰ ਸਕਦੇ ਹਾਂ ਜਦੋਂ ਪ੍ਰਾਰਥਨਾ ਅਰ ਨਿਹਚਾ ਕਰਦੇ ਹਾਂ। ਕਈ ਜੀਵਨਾਂ ਵਿੱਚ ਥੋੜਾ ਸਮਾਂ ਲੱਗ ਸਕਦਾ ਹੈ ਪਰ ਇਸਦਾ ਅਰਥ ਇਹ ਨਹੀਂ ਕਿ ਪ੍ਰਮੇਸ਼ਵਰ ਨੇ ਕੰਮ ਨਹੀਨ ਕੀਤਾ ਹੈ। ਕਈ ਵਾਰ ਪ੍ਰਾਰਥਨਾ ਤੋਂ ਬਾਦ ਸ਼ੈਤਾਨ ਕਈ ਤਰਾਂ ਦੇ ਸ਼ੱਕ ਸਾਡੇ ਮਨਾਂ ਵਿੱਚ ਪਾਉਂਦਾ ਹੈ। ਖਿਆਲ ਰੱਖੋ ਕਿ ਤੁਸੀਂ ਪ੍ਰਮੇਸ਼ਵਰ ਉੱਤੇ ਹੀ ਨਿਹਚਾ ਕਰਨੀ ਹੈ ਕਿਉਂਕਿ ਇਬਰਾਨੀਆਂ 11:6 ਆਖਦੀ ਹੈ, "ਉਹ ਆਪਣੇ ਤਾਲਿਬਾਂ ਦਾ ਫ਼ਲ-ਦਾਤਾ ਹੈ"।

ਕਈ ਲੋਕ ਪ੍ਰਮੇਸ਼ਵਰ ਤੋਂ ਸ਼ਿਫ਼ਾ ਪਾਉਣ ਤੋਂ ਵਾਂਝੇ ਰਹਿ ਜਾਂਦੇ ਹਨ ਕਿਉਂਕਿ ਨਿਹਚਾ ਦੀ ਪ੍ਰਾਰਥਨਾ ਤੋਂ ਬਾਦ ਜਦੋਂ ਉਨ੍ਹਾਂ ਨੂੰ ਤੁਰੰਤ ਨਤੀਜਾ ਨਹੀਂ ਵਿਖਦਾ ਤਾਂ ਉਹ ਪ੍ਰਮੇਸ਼ਵਰ ਨੂੰ ਸਿਖਾਉਂਦੇ ਹਨ ਕਿ ਉਨ੍ਹਾਂ ਨੂੰ ਕਿੰਝ ਸ਼ਿਫ਼ਾ ਅਤੇ ਬਰਕਤ ਚਾਹੀਦੀ ਹੈ।ਪ੍ਰਮੇਸ਼ਵਰ ਪਾਸੋਂ ਹਾਸਲ ਕਰਨ ਦਾ ਢੰਗ ਇਹ ਹੈ ਕਿ ਨਿਹਚਾ ਕਰੋ ਕਿ ਉਸਨੇ ਪ੍ਰਾਰਥਨਾ ਸੁਣ ਲਈ ਹੈ ਅਤੇ ਉਹ ਉਸਦੀ ਵਾਚਾ ਅਨੁਸਾਰ ਸਾਨੂੰ ਉੱਤਰ ਦੇਣ ਲਈ ਪਾਬੰਦ ਹੈ।ਪ੍ਰਮੇਸ਼ਵਰ ਉੱਤਰ ਜ਼ਰੂਰ ਦੇਵੇਗਾ, ਭਾਵੇਂ ਤੁਰੰਤ ਦੇਵੇ, ਭਾਵੇਂ ਕੁਝ ਸਮੇਂ ਬਾਦ।

ਯੂਹੰਨਾ 16:23-24 "ਅਤੇ ਉਸ ਦਿਨ ਤੁਸੀਂ ਮੈਥੋਂ ਕੋਈ ਪ੍ਰਸ਼ਨ ਨਾ ਪੁੱਛੋਗੇ, ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੇ ਤੁਸੀਂ ਪਿਤਾ ਕੋਲੋਂ ਕੁੱਝ ਮੰਗੋ ਤਾਂ ਉਹ ਮੇਰੇ ਨਾਮ ਕਰਕੇ ਤੁਹਾਨੂੰ ਦੇਵੇਗਾ; ਅਜੇ ਤੀਕਰ ਤੁਸੀਂ ਮੇਰਾ ਨਾਮ ਲੈ ਕੇ ਕੁਝ ਨਹੀਂ ਮੰਗਿਆ। ਮੰਗੋ ਤਾਂ ਤੁਸੀਂ ਲਓਗੇ ਭਈ ਤੁਹਾਡਾ ਅਨੰਦ ਪੂਰਾ ਹੋਵੇ"।

ਯਿਸੂ ਸਾਡੇ ਬਾਰੇ ਅਤੇ ਅੱਜ ਬਾਰੇ ਬੋਲ ਰਿਹਾ ਹੈ।ਪ੍ਰਮੇਸ਼ਵਰ ਦੀ ਸੰਤਾਨ ਹੁੰਦੇ ਹੋਏ ਅਸੀਂ ਯਿਸੂ ਦੇ ਨਾਮ ਵਿੱਚ ਸਿੱਧਾ ਪ੍ਰਮੇਸ਼ਵਰ ਕੋਲੋਂ ਪ੍ਰਾਰਥਨਾ ਕਰ ਸਕਦੇ ਹਾਂ। ਸਲੀਬ ਚੜ੍ਹਨ ਤੋਂ ਕੁਝ ਸਮਾਂ ਪਹਿਲਾਂ ਹੀ ਯਿਸੂ ਨੇ ਇਸ ਸ਼ਬਦ ਆਖੇ। ਉਸ ਸਮੇਂ ਤੱਕ ਪ੍ਰਾਰਥਨਾ ਯਿਸੂ ਨੂੰ ਨਹੀਂ ਬਲਕਿ ਅਬਰਾਹਾਮ, ਇਸਹਾਕ ਅਤੇ ਯਾਕੂਬ ਦੇ ਪ੍ਰਮੇਸ਼ਵਰ ਅੱਗੇ ਕੀਤੀ ਜਾਂਦੀ ਸੀ। ਯਿਸੂ ਨੇ ਸਭ ਕੁਝ ਸੰਪੂਰਨ ਕੀਤਾ ਤਾਂ ਕਿ ਅਸੀਂ ਉਸਦੇ ਨਾਮ ਵਿੱਚ ਪਿਤਾ ਅੱਗੇ ਪ੍ਰਾਰਥਨਾ ਕਰ ਸਕੀਏ। ਬਾਈਬਲ ਦੱਸਦੀ ਹੈ ਕਿ ਅਸੀਂ ਮੰਗਣਾ ਇਸ ਕਰਕੇ ਹੈ ਤਾਂ ਕਿ ਸਾਡਾ ਅਨੰਦ ਪੂਰਾ ਹੋਵੇ। ਯਿਸੂ ਸਾਡੇ ਅਨੰਦ ਵਿੱਚ ਰੁਚੀ ਰੱਖਦਾ ਹੈ।

ਯਾਕੂਬ 5:13-15 "ਕੀ ਤੁਹਾਡੇ ਵਿੱਚ ਕੋਈ ਦੁਖੀ ਹੈ? ਤਾਂ ਪ੍ਰਾਰ ਥ ਨ ਾ ਕਰੇ। ਕੋਈ ਅਨੰਦ ਹੈ? ਤਾਂ ਭਜਨ ਗਾਵੇ। ਕੀ ਤੁਹਾਡੇ ਵਿੱਚ ਕੋਈ ਮਾਂਦਾ ਹੈ? ਤਾਂ ਕਲੀਸਿਆ ਦੇ ਬਜ਼ੁਰਗਾਂ ਨੂੰ ਸੱਦ ਘੱਲੇ ਅਤੇ ਉਹ ਪ੍ਰਭੂ ਦਾ ਨਾਮ ਲੈ ਕੇ ਉਹ ਨੂੰ ਤੇਲ ਝੱਸਣ ਅਤੇ ਉਹ ਦੇ ਲਈ ਪ੍ਰਾਰਥਨਾ ਕਰਨ ਅਤੇ ਪ੍ਰਾਰਥਨਾ ਜਿਹੜੀ ਨਿਹਚਾ ਨਾਲ ਹੋਵੇ ਉਸ ਬਿਮਾਰ ਨੂੰ ਬਚਾਵੇਗੀ ਅਤੇ ਪ੍ਰਭੂ ਉਹ ਨੂੰ ਉਠਾ ਖੜਾ ਕਰੇਗਾ ਅਤੇ ਜੇ ਉਹ ਨੇ ਪਾਪ ਕੀਤੇ ਹੋਣ ਤਾਂ ਉਹ ਨੂੰ ਮਾਫ਼ ਕੀਤੇ ਜਾਣਗੇ"।

ਇਹ ਆਇਤ ਨਿਹਚਾ ਦੀ ਪ੍ਰਾਰਥਨਾ ਬਾਰੇ ਗੱਲ ਕਰਦੀ ਹੈ। ਇਹ ਅਜਿਹੀ

## ਸਮਾਚਾਰ:

### ਹਰੇਕ ਘੰਟੇ ਦਾਜ ਕਰਕੇ ਇੱਕ ਮੌਤ

ਭਾਵੇਂ ਦਹੇਜ ਪ੍ਰਥਾ 50 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਗੈਰ ਕਾਨੂੰਨੀ ਘੋਸ਼ਿਤ ਕੀਤੀ ਜਾ ਚੁੱਕੀ ਹੈ ਫਿਰ ਵੀ ਭਾਰਤ ਵਿੱਚ ਲਗਭਗ ਹਰੇਕ ਘੰਟੇ ਇੱਕ ਔਰਤ (ਕਰੀਬ 8000 ਪ੍ਰਤੀ ਵਰ੍ਹੇ) ਨੂੰ ਦਹੇਜ ਕਰਕੇ ਮਾਰ ਦਿੱਤਾ ਜਾਂਦਾ ਹੈ। ਅੰਕੜੇ ਇਸ ਗਿਣਤੀ ਤੋਂ ਵੀ ਦੁੱਗਣੇ ਹੋਣਗੇ ਕਿਉਂਕਿ ਹਜ਼ਾਰਾਂ ਮੌਤਾਂ ਨੂੰ ਦੁਰਘਟਨਾ ਵੱਜੋਂ ਜਾਂ ਆਤਮ-ਹੱਤਿਆ ਵੱਜੋਂ ਦਰਜ ਕੀਤਾ ਜਾਂਦਾ ਹੈ।-Stopvaw.org

- Forerunner (September 2019)

ਪ੍ਰਾਰਥਨਾ ਹੈ ਜਿਹੜੀ ਅਲੌਕਿਕ ਵਿਸ਼ਵਾਸ ਦੁਆਰਾ ਕੰਮ ਕਰਦੀ ਹੈ। ਜਦੋਂ ਅਸੀਂ ਇਸ ਪ੍ਰਾਰਥਨਾ ਨੂੰ ਵੇਖਦੇ ਹਾਂ ਤਾਂ ਅਸੀਂ ਸਮਝਣਾ ਹੈ ਕਿ ਇਹ ਕੇਵਲ ਇੱਕ ਨਿਹਚਾ ਦੀ ਪ੍ਰਾਰਥਨਾ ਤੋਂ ਵਧਕੇ ਹੈ। ਇਹ ਅਜਿਹੀ ਪ੍ਰਾਰਥਨਾ ਹੈ ਜਿਸ ਵਿੱਚ ਪ੍ਰਮੇਸ਼ਵਰ ਸਾਨੂੰ ਚੰਗਾਈ ਲਈ ਨਿਹਚਾ ਦਿੰਦਾ ਹੈ। ਇਹ ਪ੍ਰਮੇਸ਼ਵਰ ਰਾਹੀਂ ਕਰਾਈ ਗਈ ਪ੍ਰਾਰਥਨਾ ਹੈ। ਅਜਿਹੀ ਪ੍ਰਾਰਥਨਾ ਕਰਨ ਵਾਲੇ ਚੰਗਾਈ ਲਈ ਇੰਨੇ ਉਭਾਰੇ ਜਾਂਦੇ ਹਨ ਕਿ ਕਈ ਵਾਰ ਪ੍ਰਮੇਸ਼ਵਰ ਦੀ ਯੋਜਨਾ ਅਨੁਸਾਰ ਰੋਗੀ ਉਸੇ ਵੇਲੇ ਚੰਗਾ ਹੋ ਜਾਂਦਾ ਹੈ।

ਮੱਤੀ 18:19-20 "ਫ਼ੇਰ ਮੈਂ ਤੁਹਾਨੂੰ ਆਖਦਾ ਹਾਂ ਜੇ ਤੁਹਾਡੇ ਵਿੱਚੋਂ ਦੋ ਜਣੇ ਧਰਤੀ ਉੱਤੇ ਕਿਸੇ ਕੰਮ ਲਈ ਮਿਲਕੇ ਬੇਨਤੀ ਕਰਨ ਤਾਂ ਮੇਰੇ ਪਿਤਾ ਵੱਲੋਂ ਜਿਹੜਾ ਸੁਰਗ ਵਿੱਚ ਹੈ ਉਨ੍ਹਾਂ ਲਈ ਕੀਤਾ ਜਾਵੇਗਾ। ਕਿਉਂਕਿ ਜਿੱਥੇ ਦੋ ਜਾਂ ਤਿੰਨ ਮੇਰੇ ਨਾਂ ਉੱਤੇ ਇਕੱਠੇ ਹੋਣ ਉੱਥੇ ਮੈਂ ਉਨ੍ਹਾਂ ਦੇ ਵਿਚਕਾਰ ਹਾਂ"।

ਅਸੀਂ ਇਨ੍ਹਾਂ ਦੋਨਾਂ ਆਇਤਾਂ ਨੂੰ ਇਕੱਠਾ ਇਸਤੇਮਾਲ ਕਰਨਾ ਹੈ। ਇਹ ਆਖਦੀ ਹੈ ਜੇਕਰ ਤੁਸੀਂ ਦੋ ਜਣੇ ਧਰਤੀ ਉੱਤੇ ਸਹਿਮਤ ਹੋ ਭਾਵ ਜਿੱਥੇ ਕਿਤੇ ਵੀ ਤੁਸੀਂ ਹੋ। ਇਹ ਕੇਵਲ ਚਰਚ ਦੀ ਮੀਟਿੰਗ ਲਈ ਨਹੀਂ ਬਲਕਿ ਜਿੱਥੇ ਵੀ ਅਸੀਂ ਯਿਸੂ ਦੇ ਨਾਮ ਵਿੱਚ ਜਮਾਂ ਹੁੰਦੇ ਹਾਂ ਉਹ ਉੱਥੇ ਹੀ ਕੰਮ ਨੂੰ ਪੂਰਾ ਕਰਨ ਲਈ ਆਉਂਦਾ ਹੈ। ਯਿਸੂ ਹਾਜ਼ਰ ਹੋਵੇਗਾ ਇਹ ਅਦਭੁੱਤ ਹੈ ਪਰੰਤੂ ਇਹ ਹੋਰ ਵੀ ਵਧੀਆ ਹੈ ਕਿ ਕੰਮ ਨੂੰ ਕਰਨ ਲਈ ਕੇਵਲ ਦੋ ਲੋਕ ਹੀ ਕਾਫ਼ੀ ਹਨ। ਇਹ ਚੰਗੀ ਗੱਲ ਹੈ ਕਿ ਕਿਸੇ ਦੀ ਚੰਗਾਈ ਲਈ ਚਰਚ ਮਿਲਕੇ ਪ੍ਰਾਰਥਨਾ ਕਰੇ ਪਰੰਤੂ ਬਾਈਬਲ ਅਨੁਸਾਰ ਕੰਮ ਨੂੰ ਕਰਨ ਲਈ ਦੋ ਲੋਕ ਹੀ ਕਾਫ਼ੀ ਹਨ। ਇੱਥੇ ਮੁੱਖ ਸ਼ਬਦ 'ਮਿਲਕੇ' ਹੈ। ਇਹ ਵੀ ਜਾਣਨਾ ਜਰੂਰੀ ਹੈ ਕਿ ਨਿਹਚਾ ਅਤੇ ਉਮੀਦ ਵਿੱਚ ਅੰਤਰ ਹੈ। ਸਹਿਮਤੀ ਵਿੱਚ ਮਿਲਣ ਲਈ ਨਿਹਚਾ ਦੀ ਲੋੜ ਹੁੰਦੀ ਹੈ। ਉਮੀਦ ਨਾਲ ਕੰਮ ਨਹੀਂ ਹੋ ਸਕਦਾ। ਜੇਕਰ ਤੁਸੀਂ ਉਮੀਦ ਕਰਦੇ ਹੋ ਕਿ ਯਿਸੂ ਉੱਥੇ ਹੈ ਅਤੇ ਉਮੀਦ ਕਰਦੇ ਹੋ ਕਿ ਕੰਮ ਹੋ ਜਾਵੇਗਾ ਤਾਂ ਜਿਵੇਂ ਤੁਸੀਂ ਮੰਗਿਆ ਉਵੇਂ ਨਹੀਂ ਹੋਵੇਗਾ। ਉੱਥੇ ਨਿਹਚਾ ਦਾ ਹੋਣਾ ਜ਼ਰੂਰੀ ਹੈ।

ਅਸੀਂ ਕਿਸੇ ਨੂੰ ਮਜਬੂਰ ਨਹੀਂ ਕਰ ਸਕਦੇ ਕਿ ਜਿਸ ਗੱਲ ਲਈ ਅਸੀਂ ਪ੍ਰਾਰਥਨਾ ਕਰ ਰਹੇ ਹਾਂ ਉਹ ਉਸ ਉੱਤੇ ਨਿਹਚਾ ਕਰੇ। ਇਹ ਇੱਕ ਚੋਣ ਹੈ। ਜਦੋਂ ਅਸੀਂ ਕਿਸੇ ਗੈਰ-ਵਿਸ਼ਵਾਸੀ ਨਾਲ ਗੱਲ ਕਰਦੇ ਹਾਂ ਤਾਂ ਉਸਨੂੰ ਇਹ ਆਖਣ ਦਾ ਕੋਈ ਲਾਭ ਨਹੀਂ ਕਿ "ਉਸਦੇ ਮਾਰ ਖਾਣ ਨਾਲ ਅਸੀਂ ਚੰਗੇ ਹੋਏ ਹਾਂ!" ਜੇਕਰ ਉਹ ਇਸਨੂੰ ਸਮਝਦੇ ਅਰ ਰੂਹ ਦੇ ਕੰਮ ਨੂੰ ਵੇਖਦੇ ਹਨ ਤਾਂ ਤੁਸੀਂ ਇਹ ਆਖ ਸਕਦੇ ਹੋ, ਨਹੀਂ ਤਾਂ ਅਜਿਹਾ ਆਖੋ, "ਜੇਕਰ ਤੁਸੀਂ ਨਿਹਚਾ ਕਰੋ ਤਾਂ ਤੁਸੀਂ ਪਾਓਗੇ!" ਜੇਕਰ ਉਹ ਨਿਹਚਾ ਕਰਨ ਲਈ ਤਿਆਰ ਹੋਣ ਤਾਂ ਉਹ ਨਿਹਚਾ ਕੰਮ ਕਰਦੀ ਹੈ ਅਤੇ ਪ੍ਰਮੇਸ਼ਵਰ ਦੇ ਕੰਮ ਲਈ ਰਾਹ ਖੋਲਦੀ ਹੈ। ਉਨ੍ਹਾਂ ਨੂੰ ਆਪਣੀ ਦਵਾਈ ਲੈਣ ਦਿਓ ਜਦੋਂ ਤੱਕ ਡਾਕਟਰ ਉਨ੍ਹਾਂ ਨੂੰ ਕੁਝ ਹੋਰ ਕਰਨ ਲਈ ਨਹੀਂ ਆਖਦਾ।

---


## ਬੁਲਾਵੇ ਦੀ ਗੂੰਜ ਦੇ ਇਸ਼ਤਿਹਾਰ ਰੇਟ

| ਅਕਾਰ | ਸਾਰੀਆਂ ੧੬ ਭਾਸ਼ਾਂਵਾਂ ਵਿੱਚ | ਸਿਰਫ ਇੱਕ ਭਾਸ਼ਾ |
|---|---|---|
| ਪੂਰਾ ਪੰਨਾ | ਰੁ. ੭੦,੦੦੦/- | ਰੁ. ੫,੦੦੦/- |
| ਅੱਧਾ ਪੰਨਾ | ਰੁ ੫੦,੦੦੦/- | ਰੁ. ੩,੫੦੦/- |
| ਪੌਣਾ ਪੰਨਾ | ਰੁ ੩੦,੦੦੦/- | ਰੁ. ੨,੦੦੦/- |

# NEHEMIAH BIBLE COLLEGES, CHENNAI, INDIA

**ECHO OF HIS CALL MINISTRIES** (ESTD.: 1969)

**Affiliated to Hindustan Bible Institute & College (HBI), Chennai**
**&**
**Recognised by the International Christian Leaders & Senior Pastors for the 50 Years! Hundreds of candidates benefitted!!**

**RESIDENTIAL COLLEGE, Velachery**
**(Medium: English & Hindi)**
Course : Diploma in Theology,
Qualification : 10th Standard
Period : One year (with field and administrative trainings)

Golden Opportunity!

Don't miss!!

God is Calling you!!!

**EVENING COLLEGE, Chepauk**
**(Medium : Tamil)**
Course : Diploma in Theology
*Monday, Tuesday & Thursday 6.30 PM to 8.30 PM*
(Evening Classes - Chepauk)
Qualification : 10th Standard
Period : One year (with Special Seminars on holidays)

**Pastor S. Sam Selva Raj, Founder-President**

**For more details & application forms please contact :**
NEHEMIAH BIBLE COLLEGES
10, Mohammed Abdullah 2nd Street, Bells Road, Opp. Cricket Stadium, Chepauk, Chennai - 600 005, India.
**Phone : (+91-44) 2852 8282, 2852 9293, 2854 7766, Cell No : (+91) 98410 71852, 95661 31858**
**E.mail : sam@echoofhiscall.org / biblecor@yahoo.co.in Websites : www.echoofhiscall.org / www.echoofhiscall.com**



# ਟੋਏ ਤੋਂ ਮਹੱਲ ਤੱਕ

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)

"ਜਿਹੜਾ ਪੜ੍ਹੇ, ਉਹ ਸਮਝੇ" (ਮੱਤੀ ੨੪:੧੫)

## ਆਪਣੇ ਮਾਪਿਆਂ ਬਾਰੇ ਸੋਚੋ

ਕਿਉਂਕਿ ਮੇਰੇ ਪਿਤਾ ਜੀ ਆਰਮੀ ਵਿੱਚ ਸਨ, ਮੇਰਾ ਪਾਲਣ ਪੋਸ਼ਣ ਮੇਰੇ ਦਾਦਾ, ਦਾਦੀ ਅਰ ਪਰਿਵਾਰ ਦੇ ਹੋਰ ਲੋਕਾਂ ਦੁਆਰਾ ਕੀਤਾ ਗਿਆ। ਉਹ ਮੈਨੂੰ ਇੱਕ ਚੰਗੇ ਮਸੀਹੀ ਦੇ ਰੂਪ ਵਿੱਚ ਤਿਆਰ ਕਰਨ ਅਤੇ ਆਤਮਿਕ ਗੱਲਾਂ ਸਿਖਾਉਣ ਵਿੱਚ ਬੜੇ ਯਤਨਸ਼ੀਲ ਸਨ। ਉਹ ਚਰਚ ਸੰਭਾਵਾਂ ਵਿੱਚ, ਸੰਡੇ ਸਕੂਲ ਵਿੱਚ ਅਤੇ ਹੋਰ ਆਤਮਿਕ ਮੀਟਿੰਗਾਂ ਵਿੱਚ ਮੈਨੂੰ ਲਿਜਾਂਦੇ ਸਨ ਕਿ ਪ੍ਰਮੇਸ਼ਵਰ ਦਾ ਪਿਆਰ ਮੇਰੇ ਅੰਦਰ ਭਰ ਸਕਣ।

ਮੇਰੇ ਦਾਦਾ ਜੀ ਉਹ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਸਾਡੇ ਪਰਿਵਾਰ ਵਿੱਚ ਸਭ ਤੋਂ ਪਹਿਲਾਂ ਪ੍ਰਮੇਸ਼ਵਰ ਦੇ ਪ੍ਰੇਮ ਨੂੰ ਜਾਣਿਆਂ। ਉਨ੍ਹਾਂ ਦਾ ਅਸਲ ਨਾਮ ਸ਼੍ਰੀ ਐੱਮ. ਨਾਰਾਯਨਨ (ਇੱਕ ਗੈਰਕੌਮ ਦੇਵਤਾ ਦਾ ਨਾਂ) ਸੀ ਅਰ ਮਸੀਹ ਵਿੱਚ ਆਉਣ ਤੋਂ ਬਾਦ ਉਨ੍ਹਾਂ ਦਾ ਨਾਂ ਬਦਲ ਕੇ ਸ਼੍ਰੀ ਐੱਮ. ਨਥਾਨੀਏਲ ਰੱਖ ਦਿੱਤਾ ਗਿਆ। ਉਹ ਇੱਕ ਧਨੀ ਮਨੁੱਖ ਸਨ ਅਰ ਉਨ੍ਹਾਂ ਕੋਲ ਬਹੁਤ ਜ਼ਮੀਨ ਜਾਇਦਾਦ ਸੀ। ਜਦੋਂ ਮੈਂ ਬਹੁਤ ਛੋਟਾ ਹੀ ਸੀ ਤਾਂ ਉਹ ਮੈਨੂੰ ਸਕੂਲ, ਵਿਸ਼ੇਸ਼ ਕੋਚਿੰਗ ਕਲਾਸਾਂ, ਚਰਚ ਸਭਾਵਾਂ, ਬੱਚਿਆਂ ਦੇ ਸੰਡੇ ਸਕੂਲ ਵਿੱਚ ਲੈ ਕੇ ਜਾਂਦੇ ਅਤੇ ਵਾਪਸ ਲੈ ਕੇ ਆਉਂਦੇ ਸਨ। ਕਿਉਂਕਿ ਉਸ ਵੇਲੇ ਸੁਚਾਰੂ ਅਵਾਜਾਈ ਸਾਧਨ ਮੌਜੂਦ ਨਹੀਂ ਸਨ, ਜਦੋਂ ਮੈਂ ਤੁਰ ਤੁਰ ਕੇ ਥੱਕ ਜਾਂਦਾ ਸੀ ਤਾਂ ਉਹ ਮੈਨੂੰ ਆਪਣੇ ਮੋਢਿਆਂ ਉੱਤੇ ਚੁੱਕ ਕੇ ਲਿਜਾਂਦੇ ਸਨ। ਰਾਹ ਵਿੱਚ ਉਹ ਲੋਕਾਂ ਨੂੰ ਇਹ ਆਖਦੇ ਸਨ ਕਿ "ਮੈਂ ਛੋਟੇ ਯਿਸੂ ਨੂੰ ਚੁੱਕਿਆ ਹੋਇਆ ਹੈ!"

ਉਹ ਮੈਨੂੰ ਬਹੁਤ ਪਿਆਰ ਕਰਦੇ ਸਨ ਅਰ ਉਨ੍ਹਾਂ ਨੇ ਮੈਨੂੰ ਧਾਨ ਦੇ ਖੇਤਾਂ ਵਿੱਚ, ਫ਼ਸਲਾਂ ਦੀ ਦੇਖਰੇਖ, ਬੈਲਾਂ ਅਤੇ ਬੈਲ-ਗੱਡੀਆਂ ਦੀ ਸਾਂਭ ਸੰਭਾਲ, ਧਾਨ ਦੇ ਖੇਤਾਂ ਲਈ ਸਮਾਨ ਖਰੀਦਣ, ਫ਼ਸਲਾਂ ਨੂੰ ਵੇਚਣ ਅਤੇ ਤੈਰਾਕੀ ਆਦਿ ਦੀ ਸਖ਼ਤ ਸਿਖਲਾਈ ਦਿੱਤੀ।

ਇੱਕ ਦਿਨ ਜਦੋਂ ਮੈਂ ਉਨ੍ਹਾਂ ਦੇ ਮੋਢਿਆਂ ਉੱਤੇ ਬੈਠਾ ਸੀ, ਉਹ ਬਹੁਤ ਥੱਕੇ ਹੋਏ ਸਨ। ਉਨ੍ਹਾਂ ਮੈਨੂੰ ਹੇਠਾਂ ਉਤਾਰਿਆ ਅਤੇ ਮੈਨੂੰ ਆਪਣੀ ਗੋਦ ਵਿੱਚ ਲੈ ਕੇ ਇੱਕ ਪੱਥਰ ਉੱਤੇ ਬੈਠ ਗਏ ਅਤੇ ਮੈਨੂੰ ਪੁੱਛਣ ਲੱਗੇ, "ਮੇਰੇ ਬੇਟੇ ਜਦੋਂ ਤੂੰ ਵੱਡਾ ਹੋ ਗਿਆ ਤਾਂ ਤੂੰ ਮੈਨੂੰ ਕੀ ਦੇਵੇਂਗਾ?"

ਮੈਨੂੰ ਪਤਾ ਨਹੀਂ ਸੀ ਕਿ ਕੀ ਉੱਤਰ ਦੇਵਾਂ, ਇਸ ਲਈ ਮੈਂ ਉਨ੍ਹਾਂ ਨੂੰ ਘੁੱਟ ਕੇ ਜੱਫ਼ੀ ਪਾ ਲਈ ਅਤੇ ਬੜੀ ਗੰਭੀਰਤਾ ਨਾਲ ਉਨ੍ਹਾਂ ਵੱਲ ਵੇਖਿਆ ਅਤੇ ਫਿਰ ਅਸੀਂ ਅੱਗੇ ਤੁਰਨਾ ਸ਼ੁਰੂ ਕਰ ਦਿੱਤਾ।

ਧਾਦਾ ਜੀ ਵੱਲੋਂ ਪੁੱਛੇ ਗਏ ਉਸ ਪ੍ਰਸ਼ਨ ਨੇ ਮੇਰੇ ਦਿਲ ਉੱਤੇ ਵੱਡਾ ਪ੍ਰਭਾਵ ਪਾਇਆ। ਮੈਂ ਹਮੇਸ਼ਾ ਉਨ੍ਹਾਂ ਨੂੰ ਕੁੱਝ ਦੇਣਾ ਚਾਹੁੰਦਾ ਸੀ। ਉਨ੍ਹਾਂ ਦਿਨਾਂ ਵਿੱਚ ਪ੍ਰਭੂ ਯਿਸੂ ਮਸੀਹ ਰਾਹੀਂ ਮੁਕਤੀ ਦੇ ਬਾਰੇ ਲੋਕਾਂ ਨੂੰ, ਇੱਥੋਂ ਤੱਕ ਕਿ ਚਰਚ ਜਾਣ ਵਾਲਿਆਂ ਨੂੰ ਵੀ ਪੂਰੀ ਸਮਝ ਨਹੀਂ ਸੀ। ਭਾਵੇਂ ਮੇਰੇ ਦਾਦਾ ਜੀ ਲਗਾਤਾਰ ਚਰਚ ਜਾਂਦੇ ਅਰ ਸਥਾਨਕ ਚਰਚ ਦੇ ਕੰਮਾਂ ਲਈ ਬਹੁਤ ਮਦਦ ਕਰਦੇ ਸਨ ਪਰੰਤੂ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਮਰਨ ਤੋਂ ਬਾਦ ਉਹ ਕਿੱਥੇ ਜਾਣਗੇ?

ਜਦੋਂ ਮੈਂ ਕੁੱਝ ਵੱਡਾ ਹੋਇਆ ਅਤੇ ਮੈਨੂੰ ਪ੍ਰਭੂ ਯਿਸੂ ਮਸੀਹ ਬਾਰੇ ਗਿਆਨ ਮਿਲਿਆ ਤਾਂ ਪ੍ਰਭੂ ਨੇ ਮੈਨੂੰ ਮੇਰੇ ਦਾਦਾ ਅਰ ਦਾਦੀ ਲਈ ਇੱਕ ਬੋਝ ਦਿੱਤਾ। ਇੱਕ ਦਿਨ ਜਦੋਂ ਮੈਂ ਉਨ੍ਹਾਂ ਨਾਲ ਬੈਠਾ ਹੋਇਆ ਸੀ ਤਾਂ ਮੈਂ ਆਪਣੇ ਦਾਦਾ ਜੀ ਨੂੰ ਸਧਾਰਨ ਜਿਹੇ ਢੰਗ ਨਾਲ ਪੁੱਛਿਆ, "ਸਵਰਗ ਜਾਣ ਲਈ ਸਾਨੂੰ ਕੀ ਕਰਨਾ ਪਵੇਗਾ?" ਉਨ੍ਹਾਂ ਉੱਤਰ ਦਿੱਤਾ, "ਕੇਵਲ ਸਾਡਾ ਪਾਸਟਰ ਹੀ ਉੱਥੇ ਜਾਵੇਗਾ!" ਇਸ ਗੱਲ ਨੇ ਮੇਰੇ ਹਿਰਦੇ ਨੂੰ ਛੂਹ ਲਿਆ। ਪਵਿੱਤਰ ਆਤਮਾ ਮੇਰੇ ਉੱਪਰ ਆਇਆ ਅਤੇ ਉਸਨੇ ਮੈਨੂੰ ਉਭਾਰਿਆ ਕਿ ਮੈਂ ਭੋਲੇ ਭਾਲੇ ਮਸੀਹੀਆਂ ਅੰਦਰੋਂ ਇਸ ਅਗਿਆਨਤਾ ਨੂੰ ਮਿਟਾਵਾਂ।

ਜਦੋਂ ਮੈਂ ਜਵਾਨ ਹੋਇਆ ਤਾਂ ਪ੍ਰਮੇਸ਼ਵਰ ਦੀ ਅਗਵਾਈ ਅਨੁਸਾਰ ਮੈਂ ਤਮਿਲਨਾਡੂ ਦੇ ਕੰਨਿਆਕੁਮਾਰੀ ਜਿਲ੍ਹੇ ਵਿੱਚ ਮੁੱਟਮ ਨਾਮਕ ਸਮੁੰਦਰੀ ਕੰਢੇ ਉੱਤੇ, ਜੋ ਕਿ ਭਾਰਤ ਦੀ ਦੱਖਣੀ ਹੱਦ ਦਾ ਸਿਰਾ ਹੈ, ਇੱਕ ਹਾਲ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ। ਇਹ ਮੇਰੀ ਸ਼ੁਰੂਆਤੀ ਸੇਵਕਾਈ, ਜਿਸਦਾ ਉਸ ਵੇਲੇ ਨਾਂ ਗੁੱਡ ਨਿਊਜ਼ ਪ੍ਰੇਅਰ ਬੈਂਡ ਸੀ, ਦੀ ਪਹਿਲੀ ਰਿਟ੍ਰੀਟ ਸੀ। ਮੈਂ ਉਸ ਵੇਲੇ 18 ਸਾਲ ਦਾ ਸੀ ਅਤੇ ਮੈਂ ਹੀ ਮੁੱਖ ਪ੍ਰਚਾਰਕ ਸੀ। ਮੈਂ ਆਪਣੇ ਸਭ ਮਿੱਤਰਾਂ, ਅਤੇ ਰਿਸ਼ਤੇਦਾਰਾਂ ਨੂੰ ਬੁਲਾਇਆ ਅਤੇ ਖੁਦ ਵੀ ਬੈਲ ਗੱਡੀ ਉੱਤੇ ਦੁਪਹਿਰ ਦੇ ਖਾਣੇ ਦੇ ਪੈਕਟ ਲੈ ਕੇ ਪਹੁੰਚ ਗਿਆ। ਮੇਰੇ ਦਾਦਾ ਦਾਦੀ ਜੀ ਵੀ ਇਸ ਇੱਕ ਦਿਨਾ ਰਿਟ੍ਰੀਟ ਵਿੱਚ ਸ਼ਾਮਲ ਸਨ। ਮੀਟਿੰਗ ਸ਼ੁਰੂ ਹੋਈ, ਮੇਰੇ ਦਾਦਾ ਦਾਦੀ ਜੀ ਹੈਰਾਨੀ ਨਾਲ ਮੇਰੇ ਵੱਲ ਵੇਖ ਰਹੇ ਸਨ। "ਸਾਡਾ ਬੇਟਾ ਅੱਜ ਕੀ ਕਰਨ ਜਾ ਰਿਹਾ ਹੈ?" ਉਹ ਬੇਚੈਨ ਸਨ!

ਪਰੰਤੂ ਮੈਂ ਦਲੇਰੀ ਨਾਲ ਆਪਣੇ ਸਥਾਨਕ ਚਰਚ ਦੇ ਸੰਡੇ ਸਕੂਲ ਅਧਿਆਪਕਾਂ ਦੁਆਰਾ ਸਿਖਾਏ ਗਏ ਗੀਤ ਗਾ ਰਿਹਾ ਸੀ। ਜਦੋਂ ਸੰਦੇਸ਼ ਦੇਣ ਦਾ ਸਮਾਂ ਆਇਆ ਤਾਂ ਮੈਂ ਲੂਕਾ 11:1–10 ਵਿੱਚੋਂ ਗਧੇ ਦੇ ਖੋਲੇ ਜਾਣ ਦੇ ਬਿਰਤਾਂਤ ਬਾਰੇ ਪ੍ਰਚਾਰ ਕੀਤਾ। ਸੰਦੇਸ਼ ਦੀ ਸਮਾਪਤੀ ਤੇ ਮੈਂ ਇਹ ਗੀਤ ਗਾਇਆ ਜੋ ਕਿ ਮੇਰੇ ਸਿੱਖਿਅਕ, ਰੈਵ. ਐੱਸ. ਦੇਵਦਾਸਨ ਦਾ ਲਿਖਿਆ ਹੋਇਆ ਸੀ, "ਹੇ ਮੇਰੇ ਬੇਟੇ, ਹੇ ਮੇਰੀ ਬੇਟੀ, ਕੀ ਤੁਸੀਂ ਆਪਣਾ ਦਿਲ ਮੈਨੂੰ ਦੇਵੋਗੇ?" ਜਦੋਂ ਸਭ ਲੋਕ ਗਾ ਰਹੇ ਸਨ, ਮੇਰੇ ਦਾਦਾ ਅਤੇ ਦਾਦੀ ਦੋਨੋਂ ਛੋਟੇ ਬੱਚਿਆਂ ਦੇ ਸਕੂਲ ਵਿੱਚ ਰੋਂਦੇ ਹੋਏ ਇੱਕ ਬੱਚੇ ਵਾਂਗ ਫੁੱਟ ਫੁੱਟ ਕੇ ਰੋ ਰਹੇ ਸਨ। ਉਹ ਮੇਰੇ ਕੋਲ ਅੱਗੇ ਆਏ ਅਰ ਬੋਲੇ ਕਿ ਉਨ੍ਹਾਂ ਨੂੰ ਪ੍ਰਭੂ ਯਿਸੂ ਮਸੀਹ ਦੇ ਲਹੂ ਦੁਆਰਾ ਛੁਟਕਾਰੇ ਦੀ ਲੋੜ ਹੈ ਅਤੇ ਉਹ ਪਛਚਾਤਾਪ ਲਈ ਬੇਨਤੀ ਕਰਨ ਲੱਗੇ। ਪਹਿਲੀ ਵਾਰ ਉਨ੍ਹਾਂ ਨੇ ਪ੍ਰਭੂ ਯਿਸੂ ਮਸੀਹ ਨੂੰ ਆਪਣਾ ਮੁਕਤੀਦਾਤਾ ਕਬੂਲ ਕੀਤਾ। ਸ਼ਾਮ ਨੂੰ ਅਸੀਂ ਸਭ ਇੱਕ ਅਨੰਤ ਆਸ਼ਾ ਦੇ ਨਾਲ ਆਪਣੇ ਘਰ ਪਰਤੇ। ਕੁਝ ਸਾਲਾਂ ਬਾਦ ਉਹ ਪੁਨਰਉੱਥਾਨ ਦੀ ਆਸ ਦੇ ਨਾਲ ਪ੍ਰਭੂ ਕੋਲ ਚਲੇ ਗਏ।

ਉਹ ਮੇਰੀ ਸੇਵਕਾਈ ਦਾ ਪਹਿਲਾ ਫਲ ਸਨ। ਹਾਲਾਂਕਿ, 50 ਸਾਲ ਤੋਂ ਵੀ ਵੱਧ ਸਮਾਂ ਬੀਤ ਚੁੱਕਾ ਹੈ ਪਰੰਤੂ ਇਹ ਯਾਦਾਂ ਅੱਜ ਵੀ ਮੇਰੇ ਮਨ ਵਿੱਚ ਤਾਜ਼ਾ ਹਨ। ਫਿਰ ਪ੍ਰਮੇਸ਼ਵਰ ਮੈਨੂੰ ਭਾਰਤ ਅਤੇ ਗਵਾਂਢੀ ਦੇਸ਼ਾਂ ਦੇ ਹਰ ਕੋਣੇ ਵਿੱਚ ਅਤੇ ਦੁਨੀਆਂ ਦੇ ਦੂਸਰੇ ਕੋਣੇ ਤੱਕ ਵੀ ਲੈ ਕੇ ਗਿਆ ਕਿ ਮੈਂ ਅਲੱਗ ਅਲੱਗ ਭਾਸ਼ਾਵਾਂ ਅਤੇ ਸੱਭਿਆਚਾਰਾਂ ਦੇ ਵਿੱਚ ਮੁਕਤੀ, ਸਵਰਗੀ ਸ਼ਾਂਤੀ ਅਤੇ ਅਨੰਤ ਜੀਵਨ ਦਾ ਸੁਸਮਾਚਾਰ ਪ੍ਰਚਾਰ ਕਰਾਂ।

ਪਿਆਰੇ ਭਰਾਵੋ ਤੇ ਭੈਣੋ, ਕੀ ਤੁਸੀਂ ਆਪਣੇ ਪਰਿਵਾਰ ਅਤੇ ਪਿੰਡ ਵਿੱਚ ਰਹਿੰਦੇ ਅਜੀਜ਼ਾਂ ਦੀ ਮੁਕਤੀ ਅਤੇ ਅਨੰਤ ਜੀਵਨ ਬਾਰੇ ਸੋਚਦੇ ਹੋ? ਅੱਜ ਬਹੁਤ ਸਾਰੇ ਆਧੁਨਿਕ ਪ੍ਰਚਾਰਕ ਸੰਸਾਰ ਦੇ ਵੱਖ ਵੱਖ ਹਿੱਸਿਆਂ ਵਿੱਚ ਜਾਂਦੇ ਹਨ ਪਰੰਤੂ ਆਪਣੇ ਮਾਤਾ ਪਿਤਾ ਅਤੇ ਪਰਿਵਾਰਾਂ ਨੂੰ ਉਹ ਨਜ਼ਰਅੰਦਾਜ਼ ਕਰ ਦਿੰਦੇ ਹਨ। ਸਾਨੂੰ ਅਜਿਹਾ ਨਹੀਂ ਕਰਨਾ ਚਾਹੀਦਾ।

ਜੇਕਰ ਤੁਸੀਂ ਆਪਣੇ ਪਰਿਵਾਰ ਅਤੇ ਅਜੀਜ਼ਾਂ ਨੂੰ ਪ੍ਰਭੂ ਯਿਸੂ ਮਸੀਹ ਦੇ ਪਿਆਰ ਬਾਰੇ ਦੱਸੋਗੇ ਤਾਂ ਤੁਹਾਡੇ ਲਈ ਇੱਕ ਵੱਡਾ ਪ੍ਰਤੀਫਲ ਇੰਤਜ਼ਾਰ ਕਰ ਰਿਹਾ ਹੈ। ਨਵਾਂ ਜਨਮ, ਪਵਿੱਤਰ ਜੀਵਨ, ਪ੍ਰਮੇਸ਼ਵਰ ਦੀ ਸੇਵਾ ਕਰਨਾ, ਨਿਆਂ, ਅਤੇ ਅਨੰਤ ਜੀਵਨ ਸੰਪੂਰਨ ਸੱਚਾਈਆਂ ਹਨ... ਪ੍ਰਮੇਸ਼ਵਰ ਤੁਹਾਨੂੰ ਬਰਕਤ ਦੇਵੇ!

RNI NO. TNPUN/2000/1914, Postal Regn. No. TN/CH/(C)/192/18-20 WPP NO. TN/PMG(CCR)/WPP-263/18-20

# ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੁਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

**ਸਲਾਨਾ ਚੰਦਾ 100/- ਰੁ:**

**ਜੀਵਨ ਭਰ ਲਈ ਚੰਦਾ: 2000/- ਰੁ:**

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਸੁਸਮਾਚਾਰ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ (ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ ਆਦਿ ਰਾਹੀ) ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

**ECHO OF HIS CALL**
10,MOHAMMED ABDULLAH 2ND STREET, CHEPAUK,
CHENNAI – 600 005, INDIA
Ph. No.: (+91-44) 2852 8282, 2852 9293, 2854 7766
Cell : (+91)98410 71852, 95661 31858
E-Mail : sam@echoofhiscall.org / biblecor@yahoo.co.in
Websites : www.echoofhiscall.org / www.echoofhiscall.com

ਤੁਸੀਂ ਆਪਣੇ ਅਨੁਦਾਨ ਆਨਲਾਈਨ ਵੀ ਭੇਜ ਸਕਦੇ ਹੋ

## ਕਿਰਪਾ ਕਰਕੇ ਸਾਡੇ ਮੁੱਖ ਦਫਤਰ ਦੀਆਂ ਸੇਵਾਕਾਈਆਂ ਲਈ ਪ੍ਰਾਰਥਨਾ ਕਰੋ

1. ਪ੍ਰਾਰਥਨਾ ਸਭਾ : 24 ਘੰਟੇ
2. ਬਾਈਬਲ ਕੋਰ - ਬਾਈਬਲ ਪੱਤਰਵਿਵਹਾਰ ਕੋਰਸ : ਅੰਗਰੇਜੀ, ਤਮਿਲ ਅਤੇ ਹਿੰਦੀ
3. ਬੁਲਾਵੇ ਦੀ ਗੂੰਜ - ਮਹੀਨੇਵਾਰ ਪੱਤ੍ਰਿਕਾ : ਅੰਗਰੇਜੀ, ਤਾਮਿਲ, ਮਲਿਆਲਮ, ਤੇਲਗੂ, ਹਿੰਦੀ, ਕੰਨੜਾ, ਮਰਾਠੀ, ਗੁਜਰਾਤੀ, ਬੰਗਾਲੀ, ਉੜੀਆ, ਨੇਪਾਲੀ, ਅਸਾਮੀ, ਪੰਜਾਬੀ ਉਰਦੂ, ਸਿਨਹਾਲਾ ਅਤੇ ਅਫਰੀਕਨ
4. ਨਹੇਮੀਆਹ ਬਾਈਬਲ ਕਾਲਜ (ਦੋ ਸੈਂਟਰ)
5. ਥਿਓਲੋਜਿਕਲ ਪੱਤਰਵਿਵਹਾਰ ਕਾਲਜ ਅੰਗਰੇਜੀ ਅਤੇ ਤਾਮਿਲ
6. ਮਹਾਨ ਉਦੇਸ਼ ਸਹਿਭਾਗੀ
7. ਟ੍ਰੇਨਿੰਗ ਪ੍ਰੋਗਰਾਮ
8. ਕਰੂਸੇਡ
9. ਲਿਟਰੇਚਰ ਵੰਡਣਾ ਅਤੇ ਫਾਲੋਅਪ
10. ਇੰਜੀਲ ਦੀ ਪ੍ਰਿੰਟਿਗ ਪ੍ਰੈੱਸ : ਪ੍ਰਕਾਸ਼ਨ
11. ਸੰਤ ਪੌਲੁਸ ਮੈਟ੍ਰੀਕੂਲੇਸ਼ਨ ਸਕੂਲ - ਵਿਲੇਜ ਇੰਗਲਿਸ਼ ਹਾਈ ਸਕੂਲ
12. ਸੰਡੇ ਸਕੂਲ : ਸਵੇਰੇ 8.30 ਸ਼ਾਮ 4.00 ਐਤਵਾਰ
13. ਤਾਮਿਲ ਸਭਾ : ਸਵੇਰੇ 5.30 - 7.00 ਅਤੇ 10.00 ਐਤਵਾਰ
14. ਤੇਲਗੂ : ਸ਼ਾਮ 4.00 ਐਤਵਾਰ
15. ਹਿੰਦੀ ਸਭਾ : ਸ਼ਾਮ 5.00 ਐਤਵਾਰ
16. ਮਲਿਆਲਮ ਸਭਾ : ਸ਼ਾਮ 2.00 ਐਤਵਾਰ
17. ਅੰਗਰੇਜੀ ਅਤੇ ਤਾਮਿਲ : ਸ਼ਾਮ 6.00 ਐਤਵਾਰ
18. ਪਾਸਟਰ ਕੌਂਸਲਿੰਗ : ਸ਼ਾਮ 4.00 ਐਤਵਾਰ
19. ਔਰਤਾਂ ਲਈ ਪ੍ਰਾਰਥਨਾ : ਸ਼ਾਮ 5.30 ਬੁੱਧਵਾਰ
20. ਮੱਧ ਹਫਤਾ ਬਾਈਬਲ ਅਧਿਅਨ: ਸ਼ਾਮ 6.30 ਬੁੱਧਵਾਰ
21. ਆਦਮੀਆਂ ਲਈ ਪ੍ਰਾਰਥਨਾ : ਸ਼ਾਮ 7.00 ਸ਼ੁੱਕਰਵਾਰ
22. ਕਾਮਿਆਂ ਲਈ ਪ੍ਰਾਰਥਨਾ : ਸ਼ਾਮ 6.00 ਸ਼ਨੀਵਾਰ
23. ਘਰੇਲੂ ਪ੍ਰਾਰਥਨਾ : ਸ਼ਾਮ 6.30 ਮੰਗਲਵਾਰ ਅਤੇ ਵੀਰਵਾਰ
24. ਖਾਸ ਪ੍ਰਭੂ ਭੋਜ : ਸਵੇਰੇ 5.30 ਹਰ ਮਹੀਨੇ ਦੇ ਪਹਿਲੇ ਦਿਨ
25. ਸੇਵਕਾਂ ਦਾ ਨਿਰੀਖਣ ਸਭਾ : 5.30 ਪਹਿਲੇ ਸ਼ਨੀਵਾਰ
26. ਮਾਪਿਆਂ ਲਈ ਪ੍ਰਾਰਥਨਾ : ਸ਼ਾਮ 4.00 ਪਹਿਲੇ ਐਤਵਾਰ
27. ਰਾਤ ਦੀ ਪ੍ਰਾਰਥਨਾ : ਸ਼ਾਂਮ 9.30 ਦੂਜੇ ਸ਼ੁਕਰਵਾਰ
28. ਰੋਜਾ ਪ੍ਰਾਰਥਨਾ : ਸ਼ਾਮ 9.30 ਪਹਿਲੇ ਸ਼ਨੀਵਾਰ
29. ਪ੍ਰਭੂ ਭੋਜ : ਦੂਜੇ ਐਤਵਾਰ ਦੀ ਸਭਾ
30. ਸਵੇਰ ਦੀ ਅਰਾਧਨਾ : ਸਵੇਰੇ 5.00 ਰੋਜਾਨਾ
31. ਸਟਾਫ ਦੀ ਅਰਾਧਨਾ : ਸਵੇਰੇ 9.00 ਰੋਜਾਨਾ
32. ਦਫਤਰ : ਸਵੇਰੇ 9.00 ਤੋਂ ਸ਼ਾਮ 9.00 (ਐਤਵਾਰ ਛੱਡ ਕੇ)

**RNI NO. 2000/1914**
**Postal Regn. No. TN/CH/(C)/192/18-20**
**WPP NO. TN/PMG(CCR) / WPP- 263/18-20**
**Date of Publication: Third week of every month**
**Date of Posting : 19th & 20th of every month**
**Posted at "Egmore RMS / 1 Patrika Channel"**
**on 20th JANUARY 2020**
**If un-delivered please return to:**
**ECHO OF HIS CALL (PUNJABI)**
**P.O. Box No. 2957,**
**Chepauk, Chennai - 600 005, INDIA.**
**Phone: (+ 91- 44) 2852 8282, 2852 9293, 2854 7766**

***JESUS LOVES YOU!***

To

*GOD BLESS YOU!*

Owned and published by **S. Sam Selva Raj** from No.10, Mohammed Abdullah Street, Chepauk, Chennai-600 005 and printed by him at **Echo of His Call Printers** No. 10, Mohammed Abdullah Street, Chepauk, Chennai-600 005. Editor: **S. Sam Selva Raj.**